United Utilities



# ਕੀ ਤੁਸੀਂ ਪਾਣੀ ਦੇ ਮੀਟਰ ਨਾਲ ਘੱਟ ਭੁਗਤਾਨ ਕਰ ਸਕਦੇ ਹੋ?

# ਵੇਖੋ ਮੁਫ਼ਤ[+] ਪਾਣੀ ਦੇ ਮੀਟਰ ਨਾਲ ਤੁਸੀਂ ਕਿੰਨਾ ਬਚਾ ਸਕਦੇ ਹੋ

## ਸਮਾਂ ਬਚਾਓ–ਆੱਨਲਾਈਟ ਅਰਜ਼ੀ ਦਿਓ!

ਤੁਸੀਂ ਆਕੇ ਵੀ ਪਾਣੀ ਦੇ ਮੀਟਰ ਦਾ ਆੱਰਡਰ ਦੇ ਸਕਦੇ ਹੋ।

**unitedutilities.com/meters**

ਪਾਣੀ ਦੇ ਮੀਟਰ ਲੁਆਕੇ ਸਾਡੇ ਵੱਧ ਤੋਂ ਵੱਧ ਗਾਹਕ ਆਪਣੇ ਪਾਣੀ ਦੇ ਬਿੱਲਾਂ 'ਤੇ ਬੱਚਤਾਂ ਕਰ ਰਹੇ ਹਨ।

ਜੇ ਤੁਸੀਂ ਖ਼ੁਦ ਰਹਿੰਦੇ ਹੋ, ਛੋਟਾ ਪਰਿਵਾਰ ਹੈ, ਜਾਂ ਉਚ ਦਰ ਵਾਲੀ ਕੀਮਤ ਵਾਲੇ ਘਰ ਵਿਚ ਰਹਿੰਦੇ ਹੋ, ਤਾਂ ਪਾਣੀ ਦੇ ਮੀਟਰ ਬਾਰੇ ਸੋਚਣਾ ਚੰਗੀ ਗੱਲ ਹੈ। ਅਸੀਂ ਇਹ ਦੱਸਣ ਵਾਲਾ ਇਕ ਟੇਬਲ ਸ਼ਾਮਿਲ ਕੀਤਾ ਹੈ ਕਿ ਤੁਸੀਂ ਆਪਣੇ ਮੌਜੂਦਾ ਪਾਣੀ ਦੇ ਬਿੱਲ ਦੇ ਮੁਕਾਬਲੇ ਕਿੰਨਾ ਬਚਾ ਸਕਦੇ ਹੋ।

ਜੇ ਤੁਹਾਡੀ ਇੰਟਰਨੈਟ ਤਕ ਪਹੁੰਚ ਹੈ, ਤਾਂ ਸਾਡੇ ਕੋਲ ਆੱਨਲਾਈਨ ਕੈਲਕੁਲੇਟਰ ਹੈ, ਜੋ ਉਸੇ ਵੇਲੇ ਦਰਸਾ ਸਕਦਾ ਹੈ ਕਿ ਤੁਸੀਂ ਕਿੰਨਾ ਪੈਸਾ ਬਚਾ ਸਕਦੇ ਹੋ। ਇਸ ਬਾਰੇ ਕੋਸ਼ਿਸ਼ ਕਰਨ ਲਈ **unitedutilities.com/meters** ਵੇਖੋ - ਨਤੀਜੇ ਵੇਖਕੇ ਤੁਸੀਂ ਹੈਰਾਨ ਰਹਿ ਸਕਦੇ ਹੋ।

ਅਸੀਂ ਤੁਹਾਡੇ ਘਰ ਵਿਚ ਪਾਣੀ ਦੇ ਮੀਟਰ ਮੁਫ਼ਤ[+] ਲਾਉਂਦੇ ਹਾਂ, ਅਤੇ ਅਰਜ਼ੀ ਦੇਣਾ ਬਹੁਤ ਹੀ ਅਸਾਨ, ਬੱਸ ਇਸ ਪੈਕ ਦੇ ਨਾਲ ਸ਼ਾਮਿਲ ਅਰਜ਼ੀ ਫ਼ਾਰਮ ਭਰੋ। ਇਸਦੇ ਨਾਲ ਹੀ, ਸਮਾਂ ਬਚਾਓ ਅਤ **unitedutilities.com/meters** 'ਤੇ ਆੱਨਲਾਈਨ ਅਰਜ਼ੀ ਦਿਓ।

ਤੁਸੀਂ ਸਾਨੂੰ **0845 303 7744** 'ਤੇ, ਟੈਕਸਟਫ਼ੋਨ **0808 143 1195** 'ਤੇ ਕਾੱਲ ਕਰਕੇ ਪਾਣੀ ਦੇ ਮੀਟਰ ਲਈ ਅਰਜ਼ੀ ਵੀ ਦੇ ਸਕਦੇ ਹੋ।




**ਅਤੇ ਯਾਦ ਰਖੋ - ਜੇ ਤੁਸੀਂ ਮੀਟਰ ਨਾਲ ਆਈਆਂ ਲਾਗਤਾਂ ਨਾਲ ਖ਼ੁਸ਼ ਨਹੀਂ ਹੋ, ਤਾਂ ਤੁਸੀਂ 13 ਮਹੀਨਿਆਂ ਤਕ ਇਸਨੂੰ ਵਾਪਸ ਲੈ ਸਕਦੇ ਹੋ।* ਇਸ ਲਈ ਤੁਹਾਨੂੰ ਵਾਕਈ ਕੋਈ ਨੁਕਸਾਨ ਨਹੀਂ ਹੋਣਾ।**

*ਤੁਹਾਨੂੰ, ਜਦੋਂ ਤੋਂ ਤੁਸੀ ਮੀਟਰ ਲੁਆਇਆ ਹੈ, ਤੋਂ ਲੈਕੇ ਉਸ ਤਾਰੀਖ਼, ਜਦੋਂ ਤੁਸੀ ਸਾਨੂੰ ਦੱਸਿਆ ਹੈ ਕਿ ਤੁਸੀ ਬਿਨਾ ਅਨੁਮਾਨ ਵਾਲੀਆਂ ਲਾਗਤਾਂ 'ਤੇ ਵਾਪਸ ਆਉਣਾ ਚਾਹੁੰਦੇ ਹੋ, ਦੇ ਸਮੇਂ ਦੌਰਾਨ ਵਰਤੇ ਗਏ ਪਾਣੀ ਲਈ ਭੁਗਤਾਨ ਕਰਨਾ ਪਏਗਾ।

[+]ਪਾਣੀ ਦਾ ਮੀਟਰ ਲਾਉਣ ਦੀ ਥਾਂ ਯੂਨਾਇਟਿਡ ਯੁਟੀਲਿਟਿਜ਼ ਦੀ ਮਰਜ਼ੀ 'ਤੇ ਹੈ, ਨਹੀਂ ਤਾਂ ਲਾਗਤਾਂ ਲਾਗੂ ਹੁੰਦੀਆਂ ਹਨ। ਪੂਰੇ ਵੇਰਵਿਆਂ ਲਈ ਨਾਲ ਨੱਥੀ ਲੀਫ਼ਲੈਟ ਵੇਖੋ।

# ਸੰਭਵ ਬੱਚਤਾਂ 'ਤੇ ਇਕ ਨਜ਼ਰ

**ਜੇ ਤੁਹਾਡਾ ਪਾਣੀ ਦਾ ਮੀਟਰ ਹੈ, ਤਾਂ ਇਸ ਟੇਬਲ ਤੋਂ ਪਤਾ ਚੱਲਦਾ ਹੈ ਕਿ ਤੁਸੀਂ ਹਰ ਸਾਲ ਸੰਭਵ ਤੌਰ 'ਤੇ ਕਿੰਨੀ ਬੱਚਤ ਕਰ ਸਕਦੇ ਹੋ।**

- ਪਹਿਲਾਂ, ਆਪਣੇ ਪਾਣੀ ਦੇ ਬਿੱਲ ਤੋਂ ਪਤਾ ਲਾਓ ਕਿ ਤੁਸੀਂ ਇਸ ਵੇਲੇ ਹਰ ਸਾਲ ਕਿੰਨਾ ਭੁਗਤਾਨ ਕੀਤਾ।
- ਫਿਰ, ਆਪਣੇ ਘਰ ਵਿਚਲੇ ਲੋਕਾਂ ਦੀ ਗਿਣਤੀ ਨਾਲ ਇਸਦੀ ਤੁਲਨਾ ਕਰੋ।
- ਸੰਭਵ ਬੱਚਤਾਂ ਗੂੜ੍ਹੀ ਹਰੀ ਥਾਂ ਵਿਚ ਦਰਸਾਈਆਂ ਗਈਆਂ ਹਨ।
- ਹਲਕੇ ਹਰੇ ਰੰਗ ਵਾਲੀਆਂ ਥਾਵਾਂ ਦਰਸਾਉਂਦੀਆਂ ਹਨ ਕਿ ਬੱਚਤਾ ਅਸੰਭਾਵੀ ਹਨ ਅਤੇ ਜ਼ਿਆਦਾਤਰ ਮਾਮਲਿਆਂ ਵਿਚ ਤੁਸੀਂ ਪਹਿਲਾਂ ਹੀ ਪੈਸੇ ਦਾ ਚੰਗਾ ਮੁੱਲ ਹਾਸਲ ਕਰ ਰਹੇ ਹੋ।

## ਵੇਖੋ ਤੁਸੀਂ ਕਿੰਨਾ ਬਚਾ ਸਕਦੇ ਹੋ – ਫ਼ੌਰਨ!

**unitedutilities/meters** 'ਤੇ ਜਾਓ ਅਤੇ ਸਾਡੇ ਔਨਲਾਈਨ ਕੈਲਕੁਲੇਟਰ 'ਤੇ ਵੇਖੋ ਕਿ ਤੁਹਾਨੂੰ ਮੀਟਰ ਨਾਲ ਕਿੰਨਾ ਫ਼ਾਇਦਾ ਹੋਇਆ ਹੈ।

| ਤੁਹਾਡਾ ਮੌਜੂਦਾ ਸਲਾਨਾ ਬਿੱਲ: | £200 - £300 | £300 - £400 | £400 - £500 | £500 - £600 | |
|---|---|---|---|---|---|
| ਘਰ ਵਿਚ 1 ਵਿਅਕਤੀ | ਸੰਭਵ ਛੋਟੀਆਂ ਬੱਚਤਾਂ | £45-£145 | £145-£245 | £245-£345 | ਸੰਭਾਵੀ ਬੱਚਤਾਂ* |
| ਘਰ ਵਿਚ 2 ਵਿਅਕਤੀ | ਅਸੰਭਾਵੀ ਬੱਚਤਾਂ | ਸੰਭਵ ਛੋਟੀਆਂ ਬੱਚਤਾਂ | £28-£128 | £128-£228 | |
| ਘਰ ਵਿਚ 3 ਵਿਅਕਤੀ | ਅਸੰਭਾਵੀ ਬੱਚਤਾਂ | ਅਸੰਭਾਵੀ ਬੱਚਤਾਂ | ਸੰਭਵ ਛੋਟੀਆਂ ਬੱਚਤਾਂ | £12-£112 | |
| ਘਰ ਵਿਚ 4 ਵਿਅਕਤੀ | ਅਸੰਭਾਵੀ ਬੱਚਤਾਂ | ਅਸੰਭਾਵੀ ਬੱਚਤਾਂ | ਅਸੰਭਾਵੀ ਬੱਚਤਾਂ | ਅਸੰਭਾਵੀ ਬੱਚਤਾਂ | |

**ਉਦਾਹਰਣ ਲਈ:**
ਦੋ ਲੋਕਾਂ ਵਾਲਾ ਘਰ, ਜਿਸਦਾ ਸਲਾਨਾ ਬਿੱਲ £500 ਹੈ, ਜੇ ਉਹਨਾਂ ਨੇ ਮੀਟਰ ਲੁਆਇਆ ਹੁੰਦਾ, ਤਾਂ ਉਹ ਸੰਭਵ ਤੌਰ 'ਤੇ £128 ਤਕ ਬਚਾ ਸਕਦੇ ਸਨ।

** ਹਰ ਸਾਲ ਬੱਚਤਾਂ, ਔਸਤ ਖਪਤ ਅਤੇ ਰਹਿਣ ਵਾਲੇ ਲੋਕਾਂ ਦੀ ਗਿਣਤੀ 'ਤੇ ਨਿਰਭਰ ਕਰਦੀ ਹ (2011-2012 ਦੀਆਂ ਕੀਮਤਾਂ)*

ਲਾਗਤ ਦੀਆਂ ਇਹ ਬੱਚਤਾਂ **ਸਿਰਫ਼ ਇਕ ਗਾਈਡ** ਹਨ ਅਤੇ ਤੁਹਾਡੇ ਵਲੋਂ ਕੀਤੀ ਜਾਂਦੀ ਪਾਣੀ ਦੀ ਵਰਤੋਂ 'ਤੇ ਨਿਰਭਰ ਕਰਨਗੀਆਂ। ਕਿਰਪਾ ਕਰਕੇ **unitedutilities.com/meters** 'ਤੇ ਜਾਓ ਅਤੇ ਸਾਡੇ ਪਾਣੀ ਦੇ ਮੀਟਰ ਦੇ ਔਨਲਾਈਨ ਕੈਲਕੁਲੇਟਰ ਤੋਂ ਹੋਰ ਸਟੀਕ ਹਿਸਾਬ ਦਾ ਪਤਾ ਲਾਓ।

# ਤੁਸੀਂ ਸਿਰਫ਼ ਉਹੀ ਭੁਗਤਾਨ ਕਰਦੇ ਹੋ, ਜਿੰਨਾ ਤੁਸੀਂ ਵਰਤਿਆ ਹੈ

**ਪਾਣੀ ਦੇ ਮੀਟਰਾਂ ਤੋਂ ਪਤਾ ਚੱਲਦਾ ਹੈ ਕਿ ਆਪਣੇ ਘਰ ਵਿਚ ਤੁਸੀਂ ਕਿੰਨਾ ਪਾਣੀ ਵਰਤਿਆ ਹੈ ਅਤੇ ਇਸੇ ਤਰੀਕੇ ਨਾਲ ਆਪਣੇ ਮੌਜੂਦਾ ਬਿਜਲੀ ਅਤੇ ਗੈਸ ਦੇ ਮੀਟਰਾਂ ਦਾ ਪਤਾ ਲਾਓ।**

ਇਸ ਵੇਲੇ, ਜੇ ਤੁਹਾਡੇ ਕੋਲ ਪਾਣੀ ਦਾ ਮੀਟਰ ਨਹੀਂ ਹੈ, ਤਾਂ ਤੁਹਾਡੇ ਘਰ ਦੇ ਦਰ ਵਾਲੀ ਕੀਮਤ ਦੇ ਅਧਾਰ 'ਤੇ ਤੁਹਾਡੇ ਤੋਂ ਹਰ ਸਾਲ ਨਿਸ਼ਚਿਤ ਰਕਮ ਲਈ ਜਾਏਗੀ।

ਪਰ, ਪਾਣੀ ਦੇ ਮੀਟਰ ਨਾਲ ਤੁਸੀਂ ਓਨਾ ਹੀ ਭੁਗਤਾਨ ਕਰਦੇ ਹੋ, ਜਿੰਨਾ ਪਾਣੀ ਤੁਸੀਂ ਵਰਤਦੇ ਹੋ (ਪੱਕੀਆਂ ਲਾਗਤਾਂ ਸਮੇਤ)।

ਤੁਹਾਡੇ ਵਲੋਂ ਤੁਹਾਡੇ ਵਲੋਂ ਪਾਣੀ ਦਾ ਮੀਟਰ ਲੁਆਂਦਿਆਂ ਹੀ, ਸਾਡਾ ਉਦੇਸ਼ ਹਰ ਛੇ ਮਹੀਨਿਆਂ ਵਿਚ ਰੀਡਿੰਗ ਲੈਣਾ ਹੈ ਅਤੇ ਜਿੰਨਾ ਪਾਣੀ ਤੁਸੀਂ ਵਰਤਿਆ ਹੈ, ਦਾ ਬਿੱਲ ਬਣਾਉਣਾ ਹੈ।

ਪਾਣੀ ਦਾ ਮੀਟਰ ਲੁਆਉਣ ਨਾਲ ਭੁਗਤਾਨ ਕਰਨ ਦੇ ਤੁਹਾਡੇ ਮੌਜੂਦਾ ਤਰੀਕੇ 'ਤੇ ਅਸਰ ਨਹੀਂ ਪਏਗਾ। ਪਰ ਤੁਹਾਡੇ ਭੁਗਤਾਨ ਦੀਆਂ ਰਕਮਾਂ ਇਸ ਗੱਲ 'ਤੇ ਨਿਰਭਰ ਕਰਨਗੀਆਂ ਕਿ ਤੁਸੀਂ ਕਿੰਨਾ ਪਾਣੀ ਵਰਤਿਆ ਹੈ।

**ਕੀ ਜੇ ਮੈਂ ਪਾਣੀ ਦਾ ਮੀਟਰ ਲੁਆਉਣ ਦੇ ਅਸਮਰੱਥ ਹਾਂ?**

ਕਈ ਵਾਰੀ ਸਾਡੇ ਲਈ ਇਹ ਸੰਭਵ ਨਹੀਂ ਹੁੰਦਾ ਕਿ ਅਸੀ ਤੁਹਾਡੀ ਸੰਪਤੀ ਵਿਚ ਪਾਣੀ ਦਾ ਕੀਟਰ ਲਾਈਏ। ਪਰ, ਤੁਸੀਂ ਸੰਪਤੀ-ਅਧਾਰਿਤ ਮੁਲਾਂਕਣ ਕੀਤੀ ਗਈ ਲਾਗਤ ਦੀ ਚੋਣ ਕਰਕੇ, ਜਾਂ ਜੇ ਤੁਸੀਂ ਇਕੱਲੇ ਰਹਿੰਦੇ ਹੋ, ਤਾਂ ਇਕੱਲੇ ਵਿਅਕਤੀ ਵਾਲੇ ਘਰ ਸਬੰਧੀ ਸਾਡੀ ਡਿਊਟੀ ਲਈ ਅਰਜ਼ੀ ਦੇ ਕੇ, ਅਜੇ ਵੀ ਆਪਣੇ ਪਾਣੀ ਦੇ ਮੌਜੂਦਾ ਬਿੱਲ ਨੂੰ ਘਟਾਉਣ ਦੇ ਯੋਗ ਹੋ ਸਕਦੇ ਹੋ। **ਹੋਰ ਜਾਣਕਾਰੀ ਲਈ ਇਸ ਪੈਕ ਦੇ ਨਾਲ ਨੱਥੀ 'ਤੁਹਾਡੇ ਸੁਆਲਾਂ ਦੇ ਜਵਾਬ' ਸਬੰਧੀ ਤੱਥਸ਼ੀਟ ਵੇਖੋ।**

# ਮੀਟਰ ਰੀਡਿੰਗ ਨੂੰ ਅਸਾਨ ਬਣਾਉਣਾ

ਯੂਨਾਇਟਿਡ ਯੂਟੀਲਿਟਿਜ਼ ਵਿਖੇ, ਅਸੀਂ ਨਵੀਂ ਤਕਨਾਲੋਜੀ ਦੀ ਵਰਤੋਂ ਕਰ ਰਹੇ ਹਾਂ, ਜਿਸ ਨਾਲ ਮੀਟਰ ਦੀ ਸਟੀਕ ਰੀਡਿੰਗ ਲੈਣਾ ਅਸਾਨ ਹੋ ਗਿਆ ਹੈ। ਅਸੀਂ ਪਾਣੀ ਦੇ ਨਵੇਂ ਮੀਟਰ ਲਾ ਰਹੇ ਹਾਂ, ਜੋ ਸਾਨੂੰ ਦੂਰ ਬੈਠਿਆਂ ਹੀ ਰੀਡਿੰਗ ਦਿੰਦੇ ਹਨ, ਜਿਸਦਾ ਮਤਲਬ ਹੈ ਕਿ ਪਾਣੀ ਦੇ ਮੀਟਰ ਦੀ ਰੀਡਿੰਗ ਲੈਣ ਲਈ ਸਾਨੂੰ ਤੁਹਾਡੇ ਘਰ ਵਿਚ ਦਾਖ਼ਲ ਹੋਣ ਦੀ ਲੋੜ ਨਹੀਂ ਹੈ। ਤੁਹਾਡੇ ਲਈ ਸਿਰਫ਼ ਇਹੀ ਸਹੂਲਤ ਵਾਲੀ ਗੱਲ ਨਹੀਂ ਹੋਏਗੀ, ਬਲਕਿ ਇਸਦਾ ਇਹ ਵੀ ਮਤਲਬ ਹੈ ਕਿ ਤੁਹਾਨੂੰ ਅੰਦਾਜ਼ੇ ਵਾਲੇ ਬਿੱਲ ਨਹੀਂ ਮਿਲਣੇ – ਇਸ ਲਈ ਤੁਸੀਂ ਭਰੋਸਾ ਕਰ ਸਕਦੇ ਹੋ ਕਿ ਤੁਸੀਂ ਸਿਰਫ਼ ਉਹੀ ਭੁਗਤਾਨ ਕਰ ਰਹੇ ਹੋ, ਜਿੰਨਾ ਪਾਣੀ ਤੁਸੀਂ ਵਰਤਿਆ ਹੈ।



## ਪਾਣੀ ਬਚਾਓ ਅਤੇ ਨਿਕਲਣ ਵਾਲੀ ਕਾਰਬਨ ਦੀ ਆਪਣੀ ਮਾਤਰਾ ਘਟਾਓ

ਜਦੋਂ ਤੁਸੀਂ ਵਿਚਾਰ ਕਰਦੇ ਹੋ ਕਿ ਪਾਣੀ ਦਾ ਲਗਭਗ 50%, ਜੋ ਤੁਸੀਂ ਘਰ ਵਿਚ ਵਰਤਦੇ ਹੋ, ਨਾਲ ਬਿਜਲੀ ਜੁੜੀ ਹੁੰਦੀ ਹੈ, ਫਿਰ ਪਾਣੀ ਦੀ ਕੋਈ ਵੀ ਬੱਚਤ, ਜੋ ਤੁਸੀਂ ਕਰ ਸਕਦੇ ਹੋ, ਨਾਲ ਬਿਜਲੀ ਸਟੇਸ਼ਨਾਂ ਤੋਂ $CO_2$ ਪਲੀਤ ਦੀ ਮਾਤਰਾ ਘਟੇਗੀ ਅਤੇ ਤੁਹਾਡੇ ਬਿਜਲੀ ਦੇ ਬਿੱਲਾਂ 'ਤੇ ਉਸਾਰੂ ਅਸਰ ਪੈਣਾ ਹੈ (ਅਤੇ ਜੇ ਤੁਹਾਡਾ ਪਾਣੀ ਦਾ ਮੀਟਰ ਹੈ, ਤਾਂ ਇਸ ਨਾਲ ਤੁਹਾਡੀ ਪਾਣੀ ਦਾ ਬਿੱਲ ਵੀ ਘਟੇਗਾ)। ਹੋਰ ਜਾਣਕਾਰੀ ਲਈ ਕਿਰਪਾ ਕਰਕੇ **unitedutilities.com/usewaterwisely** 'ਤੇ ਜਾਓ।

# ਪਾਣੀ ਦੇ ਮੀਟਰ ਲਈ ਅਰਜ਼ੀ ਦੇਣਾ ਬਹੁਤ ਹੀ ਅਸਾਨ ਹੈ, ਬੱਸ ਹੇਠਾਂ ਦਿਤੇ ਤਿੰਨ ਪੜਾਵਾਂ ਦੀ ਪਾਲਣਾ ਕਰੋ:

ਸਮਾਂ ਬਚਾਓ – ਆੱਨਲਾਈਨ ਅਰਜ਼ੀ ਦਿਓ
**unitedutilities.com/meters**

**1 ਸਫ਼ਾ 2 'ਤੇ ਦਿਤੇ ਟੇਬਲ ਨੂੰ ਵੇਖਕੇ ਆਪਣੀਆਂ ਸੰਭਵ ਬੱਚਤਾਂ ਦਾ ਪਤਾ ਲਾਓ** ਜਾਂ ਵੈਬਸਾਈਟ: **unitedutilities.com/meters** 'ਤੇ ਸਾਡੇ ਇੰਟਰਐਕਟਿਵ ਕੈਲਕੁਲੇਟਰ ਨਾਲ ਕੋਸ਼ਿਸ਼ ਕਰੋ

**2 ਅਰਜ਼ੀ ਫ਼ਾਰਮ ਭਰੋ** ਅਤੇ ਇਸ ਪਤੇ 'ਤੇ ਵਾਪਸ ਭੇਜੋ:

United Utilities,
PO Box 246,
Warrington,
WA55 1EA.

ਜਾਂ ਵੈਬਸਾਈਟ:
**unitedutilities.com/meters**

'ਤੇ ਆੱਨਲਾਈਨ ਅਰਜ਼ੀ ਦਿਓ ਜਾਂ 0845 303 7744 'ਤੇ ਟੈਲੀਫ਼ੋਨ ਕਰੋ।

**3 ਪਾਣੀ ਦਾ ਮੀਟਰ ਲਾਉਣਾ**
ਤੁਹਾਡੀ ਅਰਜ਼ੀ ਮਿਲਣ ਦੇ ਤਿੰਨ ਮਹੀਨਿਆਂ ਦੇ ਅੰਦਰ ਅਸੀਂ ਪਾਣੀ ਦਾ ਮੀਟਰ ਲਾਵਾਂਗੇ (ਸਰਵੇਖਣ ਦੀ ਪ੍ਰਵਾਨਗੀ 'ਤੇ ਨਿਰਭਰ)।

ਪਾਣੀ ਦੇ ਮੀਟਰ

# ਤੁਹਾਡੇ ਸੁਆਲਾਂ ਦੇ ਜਵਾਬ

United Utilities

## ਪਾਣੀ ਦਾ ਮੀਟਰ ਲਾਉਣਾ

### ਪਾਣੀ ਦਾ ਮੀਟਰ ਲੁਆਉਣ ਲਈ ਮੈਂ ਕਿਵੇਂ ਅਰਜ਼ੀ ਦਿਆਂ?

**unitedutilities.com/meters** 'ਤੇ ਆੱਨ-ਲਾਈਨ ਜਾਂ ਨਾਲ ਨੱਥੀ ਅਰਜ਼ੀ ਫ਼ਾਰਮ ਭਰਕੇ ਅਰਜ਼ੀ ਦਿਓ। ਇਸ ਤੋਂ ਅਲਾਵਾ ਤੁਸੀਂ ਸਾਨੂੰ **0845 303 7744** 'ਤੇ ਕਾੱਲ ਕਰਕੇ ਵੀ ਅਰਜ਼ੀ ਦੇ ਸਕਦੇ ਹੋ।

### ਪਾਣੀ ਦਾ ਮੀਟਰ ਕਿਥੇ ਲਾਇਆ ਜਾਏਗਾ?

**ਅਸੀਂ ਤੁਹਾਡੇ ਘਰ ਦੇ ਅੰਦਰ ਬਿਨਾ ਲਾਗਤ ਲਿਆਂ ਪਾਣੀ ਦਾ ਮੀਟਰ ਲਾਵਾਂਗੇ?**

ਸਾਡੀ ਤਰਜੀਹ ਪਾਣੀ ਦਾ ਮੀਟਰ ਤੁਹਾਡੀ ਸੰਪਤੀ ਦੇ ਅੰਦਰ ਲਾਉਣ ਦੀ ਹੋਏਗੀ (ਪਾਣੀ ਦੀ ਸਪਲਾਈ ਕਰਨ ਵਾਲੇ ਪਾਈਪ 'ਤੇ, ਉਹ ਪਾਈਪ, ਜੋ ਤੁਹਾਡੇ ਘਰ ਵਿਚ ਪਾਣੀ ਲਿਆਉਂਦਾ ਹੈ)।

ਇਕ ਮਾਨਤਾਪ੍ਰਾਪਤ ਯੁਨਾਇਟਿਡ ਯੁਟੀਲਿਟਿਜ਼ ਠੇਕੇਦਾਰ, ਸਰਵੇਖਣ ਕਰੇਗਾ ਅਤੇ ਪਾਣੀ ਦੇ ਮੀਟਰ ਲਈ ਸਭ ਤੋਂ ਵੱਧ ਯੋਗ ਥਾਂ ਬਾਰੇ ਫ਼ੈਸਲਾ ਲਏਗਾ।

ਕਿਰਪਾ ਕਰਕੇ ਧਿਆਨ ਦਿਓ ਕਿ ਪਾਣੀ ਦੇ ਮੀਟਰ ਨੂੰ ਲਾਉਣ ਦੀ ਥਾਂ, ਯੁਨਾਇਟਿਡ ਯੁਟੀਲਿਟਿਜ਼ ਦੀ ਮਰਜ਼ੀ 'ਤੇ ਹੈ ਅਤੇ ਕੁਝ ਕੇਸਾਂ ਵਿਚ ਸਾਨੂੰ, ਤੁਹਾਡੇ ਪਾਣੀ ਦੇ ਮੀਟਰ ਨੂੰ ਲਾਉਣ ਲਈ ਇਕ ਵਾਰੀ ਹੋਰ ਆਉਣ ਦੀ ਲੋੜ ਪਏਗੀ। ਪਾਣੀ ਦੇ ਮੀਟਰ ਨੂੰ ਲਾਉਣ ਲਈ ਤੁਹਾਨੂੰ, ਘਰ ਵਿਚ ਪਾਣੀ ਦੀ ਸਪਲਾਈ ਲਈ ਪਾਈਪ ਲਈ ਪਹੁੰਚ ਲਈ ਸਾਨੂੰ ਆਗਿਆ ਦੇਣ ਦੀ ਲੋੜ ਹੋਏਗੀ। ਇਸ ਲਈ ਇਸਨੂੰ ਕਾਮਯਾਬੀ ਨਾਲ ਲਾਉਣ ਨੂੰ ਯਕੀਨੀ ਬਣਾਉਣ ਲਈ ਪਾਈਪ ਦੇ ਕੰਮ (ਜਿਵੇਂ ਕਿ ਲੱਕੜ ਦਾ ਪੈਨਲ ਲਾਉਣਾ, ਇਸਤੇਮਾਲ ਵਾਲੀਆਂ ਇਲੈਕਟ੍ਰਾੱਨਿਕ ਚੀਜ਼ਾਂ ਆਦਿ) ਲਈ ਕਿਸੇ ਅੜਿੱਕੇ ਨੂੰ ਹਟਾਉਣ ਦੀ ਲੋੜ ਹੋ ਸਕਦੀ ਹੈ।

ਜਿਥੇ ਕਿਤੇ ਸੰਭਵ ਹੈ, ਅਸੀਂ ਤੁਹਾਡਾ ਸਮਾਨ ਲਾਉਣ ਲਈ ਵਿਚ ਤੁਹਾਡੀ ਮਦਦ ਲਈ **ਛੋਟੇ-ਮੋਟੇ** ਤਰਖਾਣੀ ਦੇ ਕੰਮ ਦੀ ਪੇਸ਼ਕਸ਼ ਕਰ ਸਕਦੇ ਹਾਂ। ਇਹ ਸਾਡੇ ਠੇਕੇਦਾਰ ਵਲੋਂ ਕੀਤਾ ਜਾਏਗਾ ਅਤੇ ਉਹ ਯਕੀਨੀ ਬਣਾਉਣਗੇ ਕਿ ਤੁਸੀਂ ਕਿਸੇ ਤਬਦੀਲੀ ਬਾਰੇ ਜਾਣਦੇ ਹੋ ਅਤੇ ਇਸ ਤੋਂ ਪਹਿਲਾਂ ਕਿ ਕੰਮ ਨੂੰ ਕੀਤਾ ਜਾਵੇ, ਤੁਹਾਡੀ ਮੰਜ਼ੂਰੀ ਲੈਣਗੇ।

### ਕੀ ਮੈਂ, ਪਾਣੀ ਦੇ ਮੀਟਰ ਨੂੰ ਕਿਤੇ ਹੋਰ ਲਾਉਣ ਲਈ ਭੁਗਤਾਨ ਕਰ ਸਕਦਾ/ਸਕਦੀ ਹਾਂ?

ਹਾਂ, ਜੇ ਪਾਣੀ ਦੇ ਮੀਟਰ ਨੂੰ, ਤੁਹਾਡੀ ਤਰਜੀਹ ਵਾਲੀ ਥਾਂ (ਅੰਦਰ) ਲਾਉਣਾ ਸਾਡੇ ਲਈ ਸੰਭਵ ਹੁੰਦਾ ਹੈ, ਪਰ ਤੁਸੀਂ ਪਾਣੀ ਦੇ ਮੀਟਰ ਨੂੰ ਫ਼ੁੱਟਪਾਥ ਵਿਚ ਲਾਇਆ ਜਾਣਾ ਪਸੰਦ ਕਰੋਗੇ, ਤਾਂ ਅਸੀਂ ਪਹਿਲਾਂ ਇਹ ਮੁਲਾਂਕਣ ਕਰਾਂਗੇ ਕਿ ਕੀ ਇਹ ਸੰਭਵ ਹੈ। ਕੁਝ ਸੰਪਤੀਆਂ ਵਿਚ ਮੀਟਰ, ਬਾਹਰ ਨਹੀਂ ਲਾਇਆ ਜਾ ਸਕਦਾ ਹੈ, ਪੂਰੇ ਵੇਰਵਿਆਂ ਲਈ ਅਗਲਾ ਸੈਕਸ਼ਨ ਵੇਖੋ। ਜੇ ਅਸੀਂ ਤੁਹਾਡੇ ਲਈ ਫ਼ੁੱਟਪਾਥ ਵਿਚ ਪਾਣੀ ਦਾ ਮੀਟਰ ਲਾ ਸਕਦੇ ਹਾਂ, ਤਾਂ ਤੁਹਾਨੂੰ ਲਾਗਤ ਵਿਚਲੇ ਕਿਸੇ ਫ਼ਰਕ, ਜੋਕਿ ਆਮ ਤੌਰ 'ਤੇ £100 ਅਤੇ VAT ਹੁੰਦਾ ਹੈ, ਦਾ ਭੁਗਤਾਨ ਕਰਨ ਦੀ ਲੋੜ ਹੋਏਗੀ।

### ਕੀ ਤੁਸੀਂ ਹਮੇਸ਼ਾ ਪਾਣੀ ਦਾ ਮੀਟਰ ਲਾ ਸਕਦੇ ਹੋ?

ਨਹੀਂ, ਹਮੇਸ਼ਾਂ ਨਹੀਂ। ਕੁਝ ਸੰਪਤੀਆਂ ਲਈ, ਪਾਣੀ ਦਾ ਮੀਟਰ ਲਾਉਣਾ ਬਿਲਕੁਲ ਸੰਭਵ ਨਹੀਂ ਹੈ। ਇਥੇ ਪਾਣੀ ਦਾ ਮੀਟਰ ਨਾ ਲਾ ਸਕਣ ਲਈ ਸਭ ਤੋਂ ਆਮ ਕਾਰਣ ਦਿਤੇ ਗਏ ਹਨ:

- ਤੁਸੀਂ ਫ਼ਲੈਟ ਵਿਚ ਰਹਿੰਦੇ ਹੋ ਅਤੇ ਕਪੜੇ ਧੋਣ ਵਾਲੇ ਕਮਰੇ ਜਾਂ ਗਰਮ ਪਾਣੀ ਦੀ ਸਾਂਝੀ ਸਪਲਾਈ ਵਰਗੀਆਂ ਸਹੂਲਤਾਂ ਤਕ ਤੁਹਾਡੀ ਪਹੁੰਚ ਹੈ।
- ਤੁਹਾਡੇ ਕੋਲ ਤੁਹਾਡੀ ਸੰਪਤੀ ਵਿਚ ਇਕ ਨਾਲੋਂ ਵੱਧ ਪਾਣੀ ਦੀਆਂ ਸਪਲਾਈਆਂ ਹਨ।
- ਤੁਸੀਂ ਆਪਣੀ ਪਾਣੀ ਦੀ ਸਪਲਾਈ ਹੋਰਨਾਂ ਸੰਪਤੀਆਂ ਨਾਲ ਸਾਂਝੀ ਕਰਦੇ ਹੋ।
- ਤੁਹਾਡੀ ਸੰਪਤੀ ਵਿਚਲਾ ਪਾਣੀ ਦਾ ਕੰਮ ਅਪਹੁੰਚ ਹੈ, ਖ਼ਰਾਬ ਹਾਲਤ ਵਿਚ ਹੈ ਜਾਂ ਪਾਣੀ ਦੀ ਸਪਲਾਈ (ਪਾਣੀ ਦੀਆਂ ਫ਼ਿਟਿੰਗਾਂ) ਨੇਮ 1999 ਦੀ ਪਾਲਣਾ ਨਹੀਂ ਕਰਦਾ।
- ਅਸੀਂ ਪਾਣੀ ਦੇ ਮੀਟਰ ਨੂੰ ਲਾਉਣ ਲਈ, ਤੁਹਾਡੇ ਘਰ ਵਿਚ ਤੁਹਾਡੀ ਸੰਪਤੀ ਦੇ ਬਾਹਰ
  - ਫ਼ੁੱਟਪਾਥ ਜਾਂ ਲੋਕਾਂ ਦੇ ਆਉਣ-ਜਾਣ ਦੀ ਥਾਂ 'ਤੇ ਇਕ ਯੋਗ ਥਾਂ ਲੱਭਣ ਵਿਚ
  - ਅਸਮਰੱਥ ਰਹੇ ਹਾਂ।

ਜੇ ਅਸੀਂ, ਤੁਹਾਡੀ ਸੰਪਤੀ 'ਤੇ ਪਾਣੀ ਦਾ ਮੀਟਰ ਲਾਉਣ ਵਿਚ ਅਸਮਰੱਥ ਹੁੰਦੇ ਹਾਂ, ਤਾਂ ਤੁਸੀਂ, ਆਪਣੀ ਸੰਪਤੀ ਦੇ ਮੁੱਲ ਲਾਈ ਜਾਣ ਵਾਲੀ ਕੀਮਤ ਦੇ ਅਧਾਰ ਦੀ ਬਜਾਇ, ਮੁਲਾਂਕਣ ਕੀਤੀਆਂ ਗਈਆਂ ਲਾ਼ਗਤਾਂ ਦੇ ਅਧਾਰ 'ਤੇ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ ਦੇ ਭੁਗਤਾਨ ਲਈ ਚੋਣ ਕਰ ਸਕਦੇ ਹੋ। ਮੁਲਾਂਕਣ ਕੀਤੀਆਂ ਗਈਆਂ ਲਾ਼ਗਤਾਂ, ਸਲਾਨਾ ਨਿਸ਼ਚਿਤ ਰਕਮਾਂ ਹਨ। ਤੁਸੀਂ, ਜਿਹੜੀ ਰਕਮ ਦਾ ਭੁਗਤਾਨ ਕਰਦੇ ਹੋ, ਤੁਹਾਡੀ ਸੰਪਤੀ ਦੀ ਕਿਸਮ 'ਤੇ ਨਿਰਭਰ ਕਰਦਾ ਹੈ, ਜਦ ਤਕ ਕਿ ਤੁਸੀਂ ਇਕੱਲੇ ਨਾ ਰਹਿੰਦੇ ਹੋਵੋ, ਇਸ ਕੇਸ ਵਿਚ ਤੁਸੀਂ ਸਾਡੇ ਇਕੱਲੇ ਵਿਅਕਤੀ ਵਾਲੇ ਘਰ ਲਈ ਲਾ਼ਗਤਾਂ ਲਈ ਯੋਗ ਹੋ ਸਕਦੇ ਹੋ।

ਸੰਪਤੀ ਅਧਾਰਿਤ ਲਾਗਤ 3 ਸ਼੍ਰੇਣੀਆਂ ਵਿਚ ਵੰਡੀ ਹੋਈ ਹੈ:

- ਅਣਲਗਵਾਂ ਮਕਾਨ (ਘਰਾਂ, ਲਿੰਗੇ ਅਣਲਗਵੇਂ ਅਤੇ ਅਣਲਗਵੇਂ ਬੰਗਲੇ);
- ਨੀਮ-ਅਣਲਗਵੇਂ (ਘਰਾਂ ਅਤੇ ਨੀਮ-ਅਣਲਗਵੇਂ ਬੰਗਲਿਆਂ ਸਮੇਤ);
- ਹੋਰ ਘਰੇਲੂ ਥਾਵਾਂ (ਫ਼ਲੈਟਾਂ ਜਾਂ ਟੈਰੇਸ ਵਾਲੇ ਘਰਾਂ)।

ਇਕੱਲੇ ਵਿਅਕਤੀ ਵਾਲੇ ਘਰ ਲਈ ਲਾ਼ਗਤਾਂ ਉਦੋਂ ਹੀ ਲਾਗੂ ਹੁੰਦੀਆਂ ਹਨ, ਜਦੋਂ ਤੁਸੀਂ ਇਕੱਲੇ ਰਹਿੰਦੇ ਹੋ। ਇਹ ਸਿਰਫ਼, ਉਹਨਾਂ ਗਾਹਕਾਂ ਲਈ ਹੀ ਹੁੰਦੀਆਂ ਹਨ, ਜੋ ਪੱਕੇ ਤੌਰ 'ਤੇ ਇਕੱਲੇ ਰਹਿੰਦੇ ਹਨ ਅਤੇ ਇਸ ਲਈ ਜੇ ਤੁਸੀਂ ਇਕੱਲੇ ਮਾਤਾ/ਪਿਤਾ ਹੋ ਅਤੇ ਤੁਹਾਡੇ ਨਾਲ ਇਕ ਬੱਚਾ ਜਾਂ ਬੱਚੇ ਰਹਿ ਹਨ, ਭਾਵੇਂ ਆਰਜ਼ੀ ਅਧਾਰ 'ਤੇ ਹੀ, ਤਾਂ ਤੁਸੀਂ ਇਸ ਲਾ਼ਗਤ ਲਈ ਯੋਗ ਨਹੀਂ ਹੋਵੋਗੇ।

ਜੇ ਅਸੀਂ ਤੁਹਾਡੀ ਸੰਪਤੀ 'ਤੇ ਪਾਣੀ ਦਾ ਮੀਟਰ ਨਹੀਂ ਲਾ ਸਕਦੇ, ਤਾਂ ਅਸੀਂ, ਤੁਹਾਡੇ ਨਾਲ ਉਪਰੋਕਤ ਵਿਕਲਪਾਂ ਬਾਰੇ ਵਿਚਾਰ ਕਰਾਂਗੇ।

**ਕਿਰਪਾ ਕਰਕੇ ਯਾਦ ਰੱਖੋ ਕਿ ਜੇ ਅਸੀਂ ਪਾਣੀ ਦੇ ਮੀਟਰ ਨੂੰ ਲਾ ਸਕੇ ਹਾਂ, ਪਰ ਤੁਸੀਂ ਇੰਜ ਨਾ ਕਰਵਾਉਣ ਦਾ ਫ਼ੈਸਲਾ ਕਰਦੇ ਹੋ, ਤਾਂ ਤੁਸੀਂ ਇਕ ਮੁਲਾਂਕਣ ਲਾਗ਼ਤ ਜਾਂ ਉਪਰ ਦੱਸੇ ਅਨੁਸਾਰ ਇਕੱਲੇ ਵਿਅਕਤੀ ਵਾਲੇ ਘਰ ਲਈ ਲਾਗ਼ਤਾਂ ਦੇ ਯੋਗ ਨਹੀਂ ਹੋਵੋਗੇ। ਇਹ ਵਿਕਲਪਾਂ ਦੀ, ਸਿਰਫ਼ ਉਹਨਾਂ ਹਾਲਤਾਂ ਵਿਚ ਹੀ ਪੇਸ਼ਕਸ਼ ਕੀਤੀ ਜਾ ਸਕਦੀ ਹੈ, ਜਦੋਂ ਅਸੀਂ ਪਾਣੀ ਦੇ ਮੀਟਰ ਨੂੰ ਲਾਉਣ ਦੇ ਅਸਮਰੱਥ ਹੁੰਦੇ ਹਾਂ।**

### ਤੁਸੀਂ ਪਾਣੀ ਦੇ ਮੀਟਰ ਦੀ ਰੀਡਿੰਗ ਕਦੋਂ ਕਰਾਂਗੇ?

ਅਸੀਂ ਆਮ ਤੌਰ 'ਤੇ ਹਰ ਛੇ ਮਹੀਨਿਆਂ ਮਗਰੋਂ ਪਾਣੀ ਦੇ ਮੀਟਰ ਦੀ ਰੀਡਿੰਗ ਕਰਾਂਗੇ। ਜੇ ਪਾਣੀ ਦਾ ਮੀਟਰ ਅੰਦਰ ਹੈ, ਤਾਂ ਅਸੀਂ ਆਮ ਤੌਰ 'ਤੇ ਤੁਹਾਡੀ ਸੰਪਤੀ ਵਿਚ ਦਾਖ਼ਲ ਹੋਏ ਬਿਨਾ ਹੀ ਦੂਰੋਂ ਇਕ ਮੀਟਰ ਰੀਡਿੰਗ ਹਾਸਲ ਕਰਾਂਗੇ। ਪਰ ਭਵਿੱਖ ਵਿਚ ਅਜਿਹਾ (ਅਜਿਹੇ) ਮੌਕਾ (ਮੌਕੇ) ਹੋ ਸਕਦੇ ਹਨ, ਜਦੋਂ ਸਾਨੂੰ ਪਾਣੀ ਦੇ ਮੀਟਰ ਦੇ ਪ੍ਰਤੱਖ ਮੁਆਇਨੇ ਦੀ ਲੋੜ ਹੁੰਦੀ ਹੈ। ਜੇ ਪਾਣੀ ਦਾ ਮੀਟਰ, ਘਰ ਦੇ ਬਾਹਰ ਹੈ, ਤਾਂ ਸਾਨੂੰ, ਤੁਹਾਡੀ ਸੰਪਤੀ ਲਈ ਪਹੁੰਚ ਦੀ ਲੋੜ ਨਹੀਂ ਹੋਣੀ ਚਾਹੀਦੀ।

ਜੇ ਕਿਸੇ ਕਾਰਣ ਲਈ, ਅਸੀਂ ਪਾਣੀ ਦੇ ਮੀਟਰ ਦੀ ਰੀਡਿੰਗ ਦੇ ਅਸਮਰੱਥ ਹੁੰਦੇ ਹਾਂ, ਤਾਂ ਅਸੀਂ ਤੁਹਾਡੇ ਲਈ, ਇਹ ਦੱਸਣ ਵਾਲਾ, ਕਿ ਅੱਗੇ ਕੀ ਕਰੋ, ਇਕ ਕਾਰਡ ਛਡਾਂਗੇ। ਤੁਸੀਂ ਸਾਨੂੰ ਆਪਣੀ ਰੀਡਿੰਗ ਨਾਲ **0845 746 2222** 'ਤੇ ਜਾਂ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰ ਸਕਦੇ ਹੋ ਜਾਂ **unitedutilities.com/meter-reading** 'ਤੇ ਆਪਣੀ ਰੀਡਿੰਗ ਦਰਜ ਕਰੋ। ਤੁਹਾਡੇ ਜਾਂ ਤੁਹਾਡੇ ਮੀਟਰ ਰੀਡਰ 'ਚੋਂ ਦੋਵਾਂ ਵਲੋਂ ਲਈ ਗਈ ਇਕ ਅਸਲ ਰੀਡਿੰਗ, ਇਹ ਯਕੀਨੀ ਬਣਾਏਗੀ ਕਿ ਤੁਹਾਨੂੰ ਸਹੀ ਬਿਲ ਮਿਲੇ।

ਇਹ ਸਾਡੇ ਨੇਮਬੰਧਕ ਦੀ ਇਕ ਲੋੜ ਹੈ ਕਿ ਅਸੀਂ ਤੁਹਾਨੂੰ, ਸਾਲ ਵਿਚ ਘੱਟੋ-ਘੱਟ ਇਕ ਵਾਰੀ ਤੁਹਾਡੇ ਵਲੋਂ ਆਪ ਲਈ ਗਈ ਮੀਟਰ ਰੀਡਿੰਗ ਜਾਂ ਸਾਡੇ ਵਲੋਂ ਲਈ ਗਈ ਮੀਟਰ ਰੀਡਿੰਗ 'ਤੇ ਅਧਾਰਿਤ ਸੇਵਾਵਾਂ ਲਈ ਬਿੱਲ ਭੇਜੀਏ।

ਇਹ ਇਕ ਨੇਮਬੰਧਕ ਲੋੜ ਵੀ ਹੈ ਕਿ ਯੁਨਾਇਟਿਡ ਯੁਟੀਲਿਟੀਜ਼, ਹਰ ਦੋ ਸਾਲਾਂ ਵਿਚ ਘੱਟੋ-ਘੱਟ ਇਕ ਵਾਰ ਰੀਡਿੰਗ ਲਏ।

ਸਾਨੂੰ, ਤੁਹਾਡੇ ਪਾਣੀ ਦੇ ਮੀਟਰ ਦੀ ਕਿਸੇ ਸਾਂਭ-ਸੰਭਾਲ ਅਤੇ ਇਸਨੂੰ ਬਦਲਣ ਲਈ ਹਰ ਵੇਲੇ ਇਸ ਲਈ ਪਹੁੰਚ ਦੀ ਆਗਿਆ ਦਿਤੀ ਜਾਣੀ ਚਾਹੀਦੀ ਹੈ। ਪਾਣੀ ਦੇ ਮੀਟਰ ਦੇ ਮੀਟਰ ਲਈ ਪਹੁੰਚ ਵਾਸਤੇ ਕੋਈ ਰੁਕਾਵਟ ਪਾਉਣਾ ਜਾਂ ਰੋਕਣਾ, ਇਕ ਜੁਰਮ ਹੈ।

### ਪਾਣੀ ਦੇ ਮੀਟਰ ਨੂੰ ਲਾਉਣ ਲਈ ਕਿੰਨਾ ਸਮਾਂ ਲੱਗੇਗਾ?

ਜੇ ਸਰਵੇਖਣ ਦੱਸਦੇ ਹਨ ਕਿ ਅਸੀਂ ਪਾਣੀ ਦਾ ਇਕ ਮੀਟਰ ਲਾ ਸਕਦੇ ਹਾਂ, ਤਾਂ ਅਸੀਂ ਤੁਹਾਡੇ ਵਲੋਂ ਪੂਰਾ ਭਰਿਆ ਹੋਇਆ ਅਰਜ਼ੀ ਫ਼ਾਰਮ ਮਿਲਣ ਦੇ **ਤਿੰਨ ਮਹੀਨਿਆਂ** ਦੇ ਅੰਦਰ-ਅੰਦਰ ਇੰਜ ਕਰਾਂਗੇ। ਅਸੀਂ ਤੁਹਾਨੂੰ, ਤੁਹਾਡਾ ਫ਼ਾਰਮ ਮਿਲਣ ਦੇ ਦੋ ਹਫ਼ਤਿਆਂ ਦੇ ਅੰਦਰ-ਅੰਦਰ ਇਸ ਗੱਲ ਦੀ ਪੁਸ਼ਟੀ ਲਈ ਲਿਖਾਂਗੇ ਕਿ ਸਾਡਾ ਠੇਕੇਦਾਰ, ਤੁਹਾਡੀ ਸੰਪਤੀ ਦੇ ਸਰਵੇਖਣ ਲਈ ਆਏਗਾ।

ਸਾਡਾ ਠੇਕੇਦਾਰ, ਫਿਰ ਇਕ ਸਹੂਲਤ ਵਾਲੀ ਮੁਲਾਕਾਤ ਦੇ ਪ੍ਰਬੰਧ ਲਈ ਸੰਪਰਕ ਕਰੇਗਾ। ਉਹ, ਜੇ ਤੁਸੀਂ ਇਕ ਸੰਪਰਕ ਨੰਬਰ ਦਿਤਾ ਹੈ ਤਾਂ ਫ਼ੋਨ ਰਾਹੀਂ ਜਾਂ ਚਿੱਠੀ ਰਾਹੀਂ ਸੰਪਰਕ ਕਰਨਗੇ।

**ਪਰ, ਕਿਰਪਾ ਕਰਕੇ ਧਿਆਨ ਵਿਚ ਰੱਖੋ ਕਿ ਉਹਨਾਂ ਵਲੋਂ ਮੁਲਾਕਾਤ ਲਈ ਪ੍ਰਬੰਧ ਕਰਨ ਲਈ ਤੁਹਾਡੇ ਨਾਲ ਸੰਪਰਕ ਕੀਤੇ ਜਾਣ ਤੋਂ ਪਹਿਲਾਂ ਕਈ ਹਫ਼ ਤਿਆਂ ਦਾ ਸਮਾਂ ਲੱਗ ਸਕਦਾ ਹੈ।**

ਇਸ ਗੱਲ ਦੀ ਸੰਭਾਵਨਾ ਨਹੀਂ ਹੈ ਕਿ ਅਸੀਂ ਪਾਣੀ ਦਾ ਮੀਟਰ ਲਾਉਣ ਲਈ ਤਿੰਨ ਮਹੀਨਿਆਂ ਤੋਂ ਵੱਧ ਸਮਾਂ ਲਈਏ, ਆਪਣੇ ਮਿਆਰ ਨੂੰ ਪੂਰਾ ਕਰਨ ਵਿਚ ਸਾਡੇ ਵਲੋਂ ਨਾਕਾਮ ਹੋਣ ਮਗਰੋਂ ਅਸੀਂ ਆਮ ਤੌਰ 'ਤੇ, ਤੁਹਾਡੇ ਖਾਤੇ ਨੂੰ **£4** ਹਰ ਪੂਰੇ ਹਫ਼ਤੇ ਲਈ, ਨਾਲ ਕ੍ਰੈਡਿਟ ਕਰਦੇ ਹਾਂ। ਅਜਿਹੇ ਕਈ ਹਾਲਾਤ ਹਨ, ਜਦੋਂ ਤੁਹਾਨੂੰ, ਇਸ ਭੱਤੇ ਲਈ ਹੋ ਸਕਦਾ ਹੈ, ਅਖ਼ਤਿਆਰ ਨਾ ਹੋਵੇ।

ਇਹਨਾਂ ਵਿਚ ਸ਼ਾਮਿਲ ਹਨ:

- ਜੇ ਤੁਸੀਂ ਆਪਣੇ ਅਰਜ਼ੀ ਫ਼ਾਰਮ ਨੂੰ ਸਹੀ ਤਰ੍ਹਾਂ ਨਹੀਂ ਭਰਿਆ ਹੈ, ਜਿਸ ਕਾਰਣ ਸਾਨੂੰ ਪਾਣੀ ਦਾ ਮੀਟਰ ਲਾਉਣ ਵਿਚ ਦੇਰੀ ਹੋਈ ਹੈ।
- ਜੇ ਅਸੀਂ ਪਾਣੀ ਦੇ ਮੀਟਰ ਨੂੰ ਲਾਉਣ ਲਈ, ਤੁਹਾਡੇ ਨਾਲ ਮੁਲਾਕਾਤ ਦਾ ਸਮਾਂ ਤੈਅ ਕਰਦੇ ਹਾਂ ਅਤੇ ਤੁਸੀਂ ਉਸ ਮੁਲਾਕਾਤ ਲਈ ਨਹੀਂ ਪਹੁੰਚਦੇ ਜਾਂ ਇਸਨੂੰ ਰੱਦ ਕਰ ਦਿੰਦੇ ਹੋ। ਇਸ ਨਾਲ ਤੁਹਾਡੇ ਮੁਆਵਜ਼ਾ ਭੁਗਤਾਨਾਂ 'ਤੇ ਵੀ ਅਸਰ ਪੈ ਸਕਦਾ ਹੈ।
- ਜੇ ਤੁਸੀਂ ਆਪਣੇ ਪਾਈਪਾਂ ਦੇ ਕੰਮ (ਅਸੀਂ ਤੁਹਾਨੂੰ ਸਰਵੇਖਣ ਦੇ ਸਮੇਂ ਦਸਾਂਗੇ, ਜੇ ਤਬਦੀਲੀਆਂ ਦੀ ਲੋੜ ਹੁੰਦੀ ਹੈ) ਵਿਚ ਕਿਸੇ ਲੋੜੀਂਦੀ ਤਬਦੀਲੀ ਨੂੰ ਕਰਨ ਵਿਚ ਨਾਕਾਮ ਰਹਿੰਦੇ ਹੋ। ਜੇ ਤੁਸੀਂ ਇਹਨਾਂ ਤਬਦੀਲੀਆਂ ਨੂੰ 3 ਮਹੀਨਿਆਂ ਵਿਚ ਕਰਨ ਵਿਚ ਨਾਕਾਮ ਰਹਿੰਦੇ ਹੋ, ਤਾਂ ਤੁਹਾਡੀ ਮੂਲ ਬੇਨਤੀ ਨੂੰ ਰੱਦ ਕੀਤਾ ਜਾਏਗਾ ਅਤੇ ਤੁਹਾਨੂੰ ਪਾਣੀ ਦੇ ਮੀਟਰ ਲਈ ਦੁਬਾਰਾ ਅਰਜ਼ੀ ਦੇਣੀ ਪਏਗੀ।
- ਜੇ ਤੁਸੀਂ ਸਾਨੂੰ ਪਾਣੀ ਦਾ ਮੀਟਰ ਲਾਉਣ ਵਿਚ ਤਿੰਨ ਮਹੀਨਿਆਂ ਤੋਂ ਵੱਧ ਦੀ ਦੇਰੀ ਕਰਨ ਲਈ ਕਿਹਾ ਹੈ।

### ਕੀ ਮੈਂ ਆਪਣੇ ਪਾਣੀ ਦੇ ਮੀਟਰ ਨੂੰ ਛੇਤੀ ਲਾਉਣ ਲਈ ਭੁਗਤਾਨ ਕਰ ਸਕਦਾ/ਸਕਦੀ ਹਾਂ?

ਨਹੀਂ ਇਹ ਸੰਭਵ ਨਹੀਂ ਹੈ। ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਅਸੀਂ ਆਪਣੇ ਸਾਰੇ ਗਾਹਕਾਂ ਨਾਲ ਇਕੋ ਜਿਹਾ ਵਿਹਾਰ ਕਰਦੇ ਹਾਂ। ਇਸਦਾ ਅਰਥ ਹੈ ਕਿ ਤੁਸੀਂ ਪਾਣੀ ਦੇ ਮੀਟਰ ਨੂੰ ਛੇਤੀ ਲੁਆਉਣ ਲਈ ਕੋਈ ਭੁਗਤਾਨ ਜਾਂ ਇਸ ਲਈ ਕੋਈ ਯੋਗਦਾਨ ਨਹੀਂ ਦੇ ਸਕਦੇ ਹੋ।

### ਮੈਂ ਇਕ ਕਿਰਾਏਦਾਰ ਹਾਂ, ਕੀ ਮੈਂ ਪਾਣੀ ਦਾ ਮੀਟਰ ਲੁਆਉਣ ਲਈ ਅਰਜ਼ੀ ਦੇ ਸਕਦਾ/ਸਕਦੀ ਹਾਂ?

ਹਾਂ, ਬਸ਼ਰਤੇ ਕਿ ਤੁਹਾਡਾ 6 ਮਹੀਨਿਆਂ ਤੋਂ ਘੱਟ ਸਮੇਂ ਵਾਲਾ ਇਕ ਨਿਸ਼ਚਿਤ ਮਿਆਦ ਵਾਲਾ ਕਿਰਾਏਦਾਰੀ ਸਮਝੌਤਾ ਹੈ, ਉਸ ਹਾਲਤ ਵਿਚ ਤੁਹਾਨੂੰ ਪਾਣੀ ਦੇ ਮੀਟਰ ਲਈ ਅਰਜ਼ੀ ਦੇਣ ਤੋਂ ਪਹਿਲਾਂ ਆਪਣੇ ਮਕਾਨ-ਮਾਲਕ ਤੋਂ ਆਗਿਆ ਲੈਣੀ ਚਾਹੀਦੀ ਹੈ।

### ਮੈਂ ਇਕ ਮਕਾਨ-ਮਾਲਕ ਹਾਂ, ਕੀ ਮੈਂ ਆਪਣੀਆਂ ਸੰਪਤੀਆਂ 'ਚੋਂ ਇਕ ਵਿਚ ਪਾਣੀ ਦਾ ਮੀਟਰ ਲੁਆਉਣ ਲਈ ਅਰਜ਼ੀ ਦੇ ਸਕਦਾ/ਸਕਦੀ ਹਾਂ?

ਤੁਸੀਂ ਸਾਨੂੰ, ਜੇ ਤੁਹਾਡਾ ਨਾਂ ਪਾਣੀ ਦੇ ਮੀਟਰ ਦੇ ਬਿਲ 'ਤੇ ਹੈ, ਪਾਣੀ ਦਾ ਮੀਟਰ ਲਾਉਣ ਲਈ, ਸਿਰਫ਼ ਕਹਿ ਸਕਦੇ ਹੋ। ਕਿਰਪਾ ਕਰਕੇ ਤੁਸੀਂ ਆਪਣੇ ਕਿਰਾਏਦਾਰਾਂ ਨੂੰ ਇਹ ਦੱਸਣਾ ਯਕੀਨੀ ਬਣਾਓ ਕਿ ਤੁਸੀਂ ਸੰਪਤੀ 'ਤੇ ਪਾਣੀ ਦਾ ਮੀਟਰ ਲੁਆਉਣਾ ਚਾਹੁੰਦੇ ਹੋ।

### ਕੀ ਮੈਂ ਪਾਣੀ ਦਾ ਮੀਟਰ ਲੱਗਣ ਮਗਰੋਂ ਆਪਣਾ ਮਨ ਬਦਲ ਸਕਦਾ/ਸਕਦੀ ਹਾਂ?

ਹਾਂ। ਤੁਹਾਡੇ ਕੋਲ, ਪਾਣੀ ਦੇ ਮੀਟਰ ਨੂੰ ਲਾਏ ਜਾਣ ਮਗਰੋਂ, ਸਾਨੂੰ ਇਹ ਲਿਖ਼ਤੀ ਨੋਟਿਸ ਦੇਣ ਲਈ 13 ਮਹੀਨੇ ਹਨ ਕਿ ਤੁਸੀਂ ਉਸੇ ਤਰੀਕੇ ਵਿਚ ਵਾਪਸ ਆਉਣਾ ਚਾਹੁੰਦੇ ਹੋ, ਜਿਸ ਤਰ੍ਹਾਂ ਨਾਲ ਅਸੀਂ ਤੁਹਾਡੇ ਤੋਂ ਪਾਣੀ ਦੀਆਂ ਸੇਵਾਵਾਂ ਲਈ ਭੁਗਤਾਨ ਲੈਂਦੇ ਹੁੰਦੇ ਸੀ।

ਪਾਣੀ ਦਾ ਮੀਟਰ, ਤੁਹਾਡੀ ਸੰਪਤੀ ਵਿਚ ਉਸੇ ਤਰ੍ਹਾਂ ਰਹਿਣਾ ਚਾਹੀਦਾ ਹੈ, ਪਰ ਭਵਿੱਖ ਵਿਚ ਤੁਹਾਡੇ ਸਾਰੇ ਬਿਲ, ਪਹਿਲਾਂ ਵਾਂਗ ਹੀ, ਤੁਹਾਡੀ ਸੰਪਤੀ 'ਤੇ ਲਾਏ ਜਾਣ ਵਾਲੀ ਲਾਗਤ ਦੇ ਅਧਾਰ 'ਤੇ ਹੋਣਗੇ। ਜੇ ਤੁਸੀਂ ਇਸ ਵਕਫ਼ੇ ਦੇ ਅੰਦਰ-ਅੰਦਰ ਸਾਨੂੰ ਦੱਸਦੇ ਹੋ, ਤਾਂ ਤੁਸੀਂ ਆਟੋਮੇਟਿਕ ਤਰੀਕੇ ਨਾਲ ਆਪਣੀਆਂ ਮੀਟਰ ਰੀਡਿੰਗਾਂ ਦੇ ਅਧਾਰ 'ਤੇ ਲਾਗਤਾਂ ਦਾ ਭੁਗਤਾਨ ਕਰਨਾ ਜਾਰੀ ਰੱਖੋਗੇ।

ਪਰ, ਤੁਹਾਨੂੰ ਹੇਠ ਲਿਖੀਆਂ ਹਾਲਤਾਂ ਵਿਚ ਮੀਟਰ ਰੀਡਿੰਗਾਂ 'ਤੇ ਲਾਗਤਾਂ 'ਤੇ ਭੁਗਤਾਨ ਕਰਨਾ ਜਾਰੀ ਰੱਖਣਾ ਚਾਹੀਦਾ ਹੈ:

- ਤੁਸੀਂ ਆਪਣੇ ਬਗ਼ੀਚੇ ਨੂੰ ਪਾਣੀ ਦੇਣ ਲਈ ਬਿਨਾ ਕਿਸੇ ਵਿਅਕਤੀ ਦੀ ਮਦਦ ਵਾਲੇ ਉਪਕਰਣ, ਜਿਵੇਂ ਸਪ੍ਰਿੰਕਲਰ ਦੀ ਵਰਤੋਂ ਕਰਦੇ ਹੋ
- ਤੁਹਾਡਾ ਤਲਾਅ ਜਾਂ ਸਵਿਮਿੰਗ ਪੂਲ (10,000 ਲੀਟਰ ਤੋਂ ਵੱਧ) ਆਪਣੇ ਆਪ ਭਰਿਆ ਜਾਏਗਾ
- ਤੁਹਾਡੇ ਕੋਲ 230 ਲੀਟਰ ਦੀ ਸਮਰੱਥਾ ਵਾਲਾ ਇਕ ਬਾਥ ਹੈ
- ਤੁਹਾਡੇ ਕੋਲ ਇਕ ਪਾਵਰ ਸ਼ਾਵਰ ਯੂਨਿਟ ਹੈ
- ਤੁਹਾਡੇ ਕੋਲ ਪਾਣੀ ਨੂੰ ਨਰਮ ਕਰਨ ਵਾਲਾ ਇਕ ਤੱਤ ਹੈ, ਜੋ ਰਿਵਰਸ ਓਸਮੋਸਿਸ (RO) ਦੀ ਵਰਤੋਂ ਕਰਦਾ ਹੈ
- ਤੁਹਾਡੀ ਸੰਪਤੀ ਇਕ ਘਰ ਅਤੇ ਕਾਰੋਬਾਰ ਹੈ ਅਤੇ ਪਾਣੀ ਦੀ ਮੁੱਖ ਤੌਰ 'ਤੇ ਵਰਤੋਂ ਕਾਰੋਬਾਰ ਲਈ ਹੈ

## ਤੁਹਾਡਾ ਬਿਲ

### ਤੁਸੀਂ ਮੈਨੂੰ ਅਕਸਰ ਕਿੰਨੀ ਵਾਰੀ ਬਿੱਲ ਭੇਜੋਗੇ?

ਤੁਹਾਨੂੰ ਹਰ ਛੇ ਮਹੀਨਿਆਂ ਵਿਚ ਇਕ ਬਿੱਲ ਮਿਲੇਗਾ। ਇਹ, ਤੁਹਾਡੇ ਵਲੋਂ, ਪਾਣੀ ਅਤੇ ਗੰਦੇ ਪਾਣੀ ਸਬੰਧੀ ਪਹਿਲਾਂ ਹੀ ਲਈਆਂ ਜਾ ਚੁਕੀਆਂ ਸੇਵਾਵਾਂ ਲਈ ਹੈ। ਉਹ ਤਾਰੀਖ਼, ਜਦੋਂ ਤੁਹਾਨੂੰ ਆਪਣਾ ਬਿੱਲ ਮਿਲੇਗਾ, ਸਾਡੇ ਵਲੋਂ ਤੁਹਾਡੇ ਪਾਣੀ ਦੇ ਮੀਟਰ ਦੀ ਰੀਡਿੰਗ ਦੀ ਤਾਰੀਖ਼ 'ਤੇ ਨਿਰਭਰ ਕਰਦੀ ਹੈ।

ਤੁਹਾਡਾ ਮੀਟਰ ਵਾਲਾ ਪਹਿਲਾ ਬਿੱਲ, ਪਾਣੀ ਦੇ ਮੀਟਰ ਨੂੰ ਲਾਏ ਜਾਣ ਮਗਰੋਂ ਛੇ ਮਹੀਨਿਆਂ ਤਕ ਦੇ ਕਿਸੇ ਵੀ ਸਮੇਂ ਵੀ ਮਿਲ ਸਕਦਾ ਹੈ। ਜੇ ਅਸੀਂ, ਆਪਣੀ ਖ਼ੁਦ ਦੀ ਮੀਟਰ ਰੀਡਿੰਗ ਜਾਂ ਤੁਹਾਡੇ ਵਲੋਂ ਰੀਡਿੰਗ, ਦੋਵਾਂ 'ਚੋਂ ਕੋਈ ਹਾਸਲ ਕਰਨ ਦੇ ਅਸਮਰੱਥ ਰਹੇ ਹਾਂ, ਤਾਂ ਅਸੀਂ ਤੁਹਾਨੂੰ ਇਕ ਅਨੁਮਾਨਤ ਬਿਲ ਭੇਜਾਂਗੇ।

### ਮੈਂ ਆਪਣੇ ਬਿੱਲ ਦਾ ਭੁਗਤਾਨ ਕਿਵੇਂ ਕਰ ਸਕਦਾ/ਸਕਦੀ ਹਾਂ?

ਅਸੀਂ, ਤੁਹਾਡੇ ਬਿੱਲ ਦੇ ਭੁਗਤਾਨ ਲਈ ਤੁਹਾਡੇ ਵਾਸਤੇ ਕਈ ਲਚਕੀਲੇ ਤਰੀਕਿਆਂ ਦੀ ਪੇਸ਼ਕਸ਼ ਕਰਦੇ ਹਾਂ। ਤੁਸੀਂ, ਡਾਇਰੈਕਟ ਡੈਬਿਟ, ਨਕਦ ਜਾਂ ਚੈਕ ਰਾਹੀਂ ਭੁਗਤਾਨ ਕਰ ਸਕਦੇ ਹੋ। ਕੁਝ ਗਾਹਕ, ਹਰ ਬਿੱਲ ਦਾ, ਜਦੋਂ ਇਹ ਮਿਲਦਾ ਹੈ, ਭੁਗਤਾਨ ਕਰਨਾ ਪਸੰਦ ਕਰਦੇ ਹਨ, ਪਰ ਜ਼ਿਆਦਾਤਰ, ਬਜਟ ਵਾਲੇ ਭੁਗਤਾਨ ਦੀ ਸਕੀਮ ਦੀ ਚੋਣ ਕਰਕੇ, ਲਾਗਤ ਨੂੰ ਪੂਰੇ ਸਾਲ ਵਿਚ ਵੰਡਣ ਨੂੰ ਤਰਜੀਹ ਦਿੰਦੇ ਹਨ। ਅਸੀਂ ਅਨੁਮਾਨ ਲਾਉਂਦੇ ਹਾਂ ਕਿ ਤੁਸੀਂ ਇਕ ਸਾਲ ਵਿਚ ਕਿੰਨੇ ਪਾਣੀ ਦੀ ਵਰਤੋਂ ਕਰੋਗੇ ਅਤੇ ਕੁਲ ਰਕਮ ਨੂੰ ਹਰ ਮਹੀਨੇ ਕੀਤੇ ਜਾਣ ਵਾਲੇ ਬਾਕਾਇਦਗੀ ਵਾਲੇ ਭੁਗਤਾਨ (ਸਭ ਤੋਂ ਜ਼ਿਆਦਾ ਮਨਪਸੰਦ ਤਰੀਕਾ, ਡਾਇਰੈਕਟ ਡੈਬਿਟ ਰਾਹੀਂ ਭੁਗਤਾਨ ਹੈ) ਵਿਚ ਵੰਡਦੇ ਹਾਂ। ਅਗਲੇ ਸਾਲ ਅਸੀਂ ਉਸ ਰਕਮ, ਜਿਸਦਾ ਤੁਸੀਂ ਭੁਗਤਾਨ (ਵੱਧ ਜਾਂ ਘੱਟ) ਕਰਦੇ ਹੋ, ਤੁਹਾਡੇ ਵਲੋਂ ਅਸਲ ਵਿਚ ਵਰਤੇ ਗਏ ਪਾਣੀ ਦੀ ਮਿਕਦਾਰ ਦੇ ਅਧਾਰ 'ਤੇ ਹਿਸਾਬ-ਕਿਤਾਬ ਕਰਾਂਗੇ।

### ਕੀ ਮੈਂ ਡਾਇਰੈਕਟ ਡੈਬਿਟ ਰਾਹੀਂ ਭੁਗਤਾਨ ਕਰ ਸਕਦਾ/ਸਕਦੀ ਹਾਂ?

ਹਾਂ। ਡਾਇਰੈਕਟ ਡੈਬਿਟ, ਤੁਹਾਡੇ ਪਾਣੀ ਦੇ ਬਿੱਲ ਦੇ ਭੁਗਤਾਨ ਦੀ ਸਿਰਪੀੜ ਹਟਾ ਦਿੰਦੇ ਹਨ ਅਤੇ ਤੁਸੀਂ ਆਪਣੇ ਭੁਗਤਾਨਾਂ ਨੂੰ ਵੰਡ ਸਕਦੇ ਹੋ। ਅਸੀਂ, ਤੁਹਾਨੂੰ ਹਰ ਸਾਲ ਤੁਹਾਡੇ ਬਿੱਲ 'ਤੇ **£5** ਦੀ ਛੋਟ ਵੀ ਦਿਆਂਗੇ। ਸਾਨੂੰ ਸਿਰਫ਼ **0845 303 7744** 'ਤੇ ਜਾਂ ਟੈਕਸਟਫ਼ੋਨ **0808 143 1195** 'ਤੇ ਫ਼ੋਨ ਕਰੋ।

### ਮੈਂ ਇਸ ਵੇਲੇ ਡਾਇਰੈਕਟ ਡੈਬਿਟ ਰਾਹੀਂ ਭੁਗਤਾਨ ਕਰਦਾ/ਕਰਦੀ ਹਾਂ। ਕੀ ਮੈਨੂੰ ਇਕ ਹੋਰ ਫ਼ਾਰਮ ਨੂੰ ਭਰਨਾ ਪਏਗਾ?

ਨਹੀਂ, ਤੁਹਾਨੂੰ ਕੁਝ ਵੀ ਕਰਨ ਦੀ ਲੋੜ ਨਹੀਂ ਹੈ। ਅਸੀਂ ਤੁਹਾਡੇ ਪ੍ਰਬੰਧਾਂ ਨੂੰ ਜਾਰੀ ਰਖਾਂਗੇ, ਜਦ ਤਕ ਕਿ ਤੁਸੀਂ ਸਾਨੂੰ ਕੁਝ ਹੋਰ ਨਾ ਕਹੋ।

### ਪਾਣੀ ਦਾ ਮੀਟਰ ਲਾਏ ਜਾਣ ਮਗਰੋਂ ਮੇਰੇ 'ਪੁਰਾਣੇ' ਬਿੱਲ ਦਾ ਕੀ ਹੋਏਗਾ?

ਤੁਸੀਂ ਇਸ ਵੇਲੇ ਭਾਵੇਂ ਕਿਸੇ ਤਰ੍ਹਾਂ ਵੀ ਭੁਗਤਾਨ ਕਰ ਰਹੇ ਹੋ, ਕਿਰਪਾ ਕਰਕੇ ਇਹ ਯਕੀਨੀ ਬਣਾਓ ਕਿ ਤੁਸੀਂ ਆਪਣੇ ਬਿੱਲ ਦਾ ਭੁਗਤਾਨ ਕਰਦੇ ਰਹੋ, ਜਦ ਤਕ ਕਿ ਅਸੀਂ ਪਾਣੀ ਦਾ ਮੀਟਰ ਨਹੀਂ ਲਾਉਂਦੇ।

ਪਾਣੀ ਦਾ ਮੀਟਰ ਲੱਗ ਜਾਣ 'ਤੇ, ਅਸੀਂ ਤੁਹਾਡੇ 'ਪੁਰਾਣੇ' ਬਿੱਲ ਨੂੰ ਅੰਤਮ ਰੂਪ ਦਿਆਂਗੇ ਅਤੇ ਜੇ ਅਸੀਂ ਤੁਹਾਨੂੰ ਕੋਈ ਰਕਮ ਵਾਪਸ ਕਰਨੀ ਹੈ, ਤਾਂ ਅਸੀਂ ਇਸ ਰਕਮ ਨੂੰ, ਤੁਹਾਡੇ ਮੀਟਰ ਦੇ ਪਹਿਲੇ ਬਿੱਲ 'ਚੋਂ ਘਟਾਵਾਂਗੇ। ਇਸਨੂੰ ਕ੍ਰੈਡਿਟ ਬਕਾਏ ਵਜੋਂ ਵਿਖਾਇਆ ਜਾਏਗਾ। ਜੇ ਤੁਸੀਂ ਸਾਨੂੰ ਆਪਣੇ 'ਪੁਰਾਣੇ' ਬਿੱਲ 'ਤੇ ਰਕਮ ਦੇਣੀ ਹੈ, ਤਾਂ ਅਸੀਂ ਤੁਹਾਨੂੰ ਬਕਾਇਆ ਰਕਮ ਵਾਲਾ ਹਿਸਾਬ-ਕਿਤਾਬ ਭੇਜਾਂਗੇ।

## ਦੂਜੇ ਸੁਆਲ

### ਕੀ ਪਾਣੀ ਦਾ ਮੀਟਰ ਲਾਉਣ ਨਾਲ, ਮੇਰੀ ਸੰਪਤੀ ਵਿਚ ਬਿਜਲੀ ਦੀ ਅਰਥਿੰਗ 'ਤੇ ਅਸਰ ਪਏਗਾ?

ਜੇ ਅਸੀਂ ਪਾਣੀ ਦੇ ਮੀਟਰ ਨੂੰ ਤੁਹਾਡੇ ਘਰ ਦੇ ਅੰਦਰ ਲਾਉਂਦੇ ਹਾਂ, ਤਾਂ ਅਸੀਂ ਜੋ ਵੀ ਕਰਦੇ ਹਾਂ, ਉਸ ਨਾਲ ਤੁਹਾਡੇ ਬਿਜਲੀ ਦੇ ਸਿਲਸਿਲੇ ਦੀ ਅਰਥਿੰਗ ਜਾਂ ਬੌਂਡਿੰਗ ਦੀ ਨਿਰੰਤਰਤਾ ਵਿਚ ਕੋਈ ਤਬਦੀਲੀ ਨਹੀਂ ਹੋਏਗੀ। ਅਸੀਂ ਪਾਣੀ ਦੇ ਮੀਟਰ ਦੁਆਲੇ ਇਕ ਸਥਾਈ ਬੌਂਡਿੰਗ ਤਾਰ ਲਾਵਾਂਗੇ ਅਤੇ ਇਹ ਜਿਉਂ ਦੀ ਤਿਉਂ ਰਹਿਣੀ ਚਾਹੀਦੀ ਹੈ।

ਜੇ ਅਸੀਂ ਪਾਣੀ ਦੇ ਮੀਟਰ ਨੂੰ ਤੁਹਾਡੀ ਸੰਪਤੀ ਤੋਂ ਬਾਹਰ ਲਾਇਆ ਹੈ ਅਤੇ ਤੁਹਾਡੇ ਬਿਜਲੀ ਦੇ ਸਿਲਸਿਲੇ ਨੇ ਪਾਣੀ ਦੀ ਸਰਵਿਸ ਪਾਈਪ ਨੂੰ ਅਰਥ ਵਜੋਂ ਵਰਤਿਆ ਹੈ, ਤਾਂ ਕੁਝ ਅਸਰ ਪੈ ਸਕਦਾ ਹੈ। ਤੁਹਾਡੀ, ਆਪਣੀ ਸੰਪਤੀ 'ਤੇ ਬਿਜਲੀ ਦੀ ਸਹੀ ਅਰਥਿੰਗ ਲਈ ਜ਼ਿੰਮੇਵਾਰੀ ਹੈ। ਜੇ ਤੁਸੀਂ ਇਸ ਬਾਰੇ ਫ਼ਿਕਰਮੰਦ ਹੋ, ਤਾਂ ਕਿਰਪਾ ਕਰਕੇ ਇਕ ਯੋਗਤਾਪ੍ਰਾਪਤ ਇਲੈਕਟ੍ਰਿਸ਼ੀਅਨ ਨਾਲ ਸੰਪਰਕ ਕਰੋ।

### ਕੀ ਪਾਣੀ ਦਾ ਮੀਟਰ ਲਾਉਣ ਨਾਲ, ਮੇਰੇ ਘਰ ਵਿਚ ਪਾਣੀ ਦੇ ਦਬਾਅ 'ਤੇ ਅਸਰ ਪਏਗਾ?

ਤੁਹਾਨੂੰ ਪਾਣੀ ਦੇ ਮੀਟਰ ਨੂੰ ਲਾਏ ਜਾਣ ਮਗਰੋਂ ਪਾਣੀ ਦੇ ਦਬਾਅ ਦੀ ਕੋਈ ਸਮਸਿਆ ਹੋਣ ਦੀ ਸੰਭਾਵਨਾ ਨਹੀਂ ਹੈ, ਪਰ ਅਸੀਂ ਵੇਖਾਂਗੇ ਕਿ ਪਾਣੀ ਦੀ ਸਪਲਾਈ ਨੂੰ ਸਹੀ ਤਰ੍ਹਾਂ ਬਹਾਲ ਕੀਤਾ ਗਿਆ ਹੈ।

### ਕੀ ਹੋਏਗਾ, ਜੇ ਪਾਣੀ ਦੀ ਸਪਲਾਈ ਵਾਲਾ ਮੇਰਾ ਪਾਈਪ ਲੀਕ ਹੁੰਦਾ ਹੈ?

ਸਾਡੀ, ਘਰਾਂ ਵਿਚ ਪਾਣੀ ਦੇ ਗਾਹਕਾਂ ਲਈ ਪਾਣੀ ਦੇ ਰਿਸਣ ਨੂੰ ਰੋਕਣ ਵਾਲੀ ਇਕ ਨਿਜੀ ਮੁਰੰਮਤ ਸਕੀਮ ਹੈ। ਇਸਦਾ ਅਰਥ ਹੈ ਕਿ ਕੁਝ ਕੇਸਾਂ ਵਿਚ, ਅਸੀਂ ਤੁਹਾਡੀ ਸਪਲਾਈ ਪਾਈਪ 'ਚੋਂ ਪਾਣੀ ਨਿਕਲਣ ਦੀ ਮੁਰੰਮਤ, ਬਿਨਾ ਕਿਸੇ ਲਾਗਤ ਦੇ ਕਰ ਸਕਦੇ ਹਾਂ। ਅਸੀਂ ਸਿਰਫ਼ ਸੰਪਤੀ ਦੀ ਹੱਦ ਅਤੇ ਤੁਹਾਡੀ ਸੰਪਤੀ ਦੀ ਬਾਹਰੀ ਦੀਵਾਰ ਵਿਚਕਾਰ ਪਾਈਪਾਂ 'ਚੋਂ ਪਾਣੀ ਲੀਕ ਹੋਣ ਦੀ ਹੀ ਮੁਰੰਮਤ ਕਰਾਂਗੇ, ਪਰ ਇਮਾਰਤਾਂ ਦੇ ਹੇਠਾਂ ਜਾਂ ਅੰਦਰੂਨੀ ਪਾਈਪਾਂ ਦੀ ਨਹੀਂ। ਸੜਕ, ਫ਼ੁੱਟਪਾਥ ਜਾਂ ਬਾਗ਼ ਵਿਚ ਪਾਣੀ ਲੀਕ ਹੋਣ ਦੀ ਰਿਪੋਰਟ ਲਈ, **0800 33 00 33** 'ਤੇ ਮੁਫ਼ਤ ਕਾੱਲ ਕਰੋ।

ਅਸੀਂ ਤੁਹਾਨੂੰ ਇਹ ਯਕੀਨੀ ਬਣਾਉਣ ਲਈ ਕਿ ਪਾਈਪਾਂ ਦੇ ਤੁਹਾਡੇ ਨਿਜੀ ਕੰਮ ਵਿਚ ਕਿਤਿਓਂ ਪਾਣੀ ਨਾ ਰਿਸੇ, ਪਾਣੀ ਦੇ ਮੀਟਰ ਦੀ ਬਾਕਾਇਦਗੀ ਨਾਲ ਰੀਡਿੰਗ ਕਰਨ ਦਾ ਸੁਝਾਅ ਦਿੰਦੇ ਹਾਂ। ਲੀਕੇਜ ਬਾਰੇ ਹੋਰ ਜਾਣਕਾਰੀ ਲਈ, **0845 303 7711** 'ਤੇ ਜਾਂ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰੋ ਅਤੇ ਸਾਡੀ 'ਲੀਕੇਜ ਕੋਡ ਆੱਫ਼ ਪ੍ਰੈਕਟਿਸ' ਲਈ ਕਹੋ।

ਜੇ ਸਾਨੂੰ, ਪਾਣੀ ਦਾ ਮੀਟਰ ਲਾਉਣ ਸਮੇਂ, ਘਰ ਵਿਚ ਆਉਣ ਵਾਲੀਆਂ ਪਾਈਪਾਂ ਵਿਚ ਕਿਸੇ ਥਾਂ ਤੋਂ ਪਾਣੀ ਦੇ ਲੀਕ ਹੋਣ ਬਾਰੇ ਪਤਾ ਲਗਦਾ ਹੈ, ਜਿਸਨੂੰ ਕਿ ਅਸੀਂ ਬਿਨਾ ਕਿਸੇ ਵਾਧੂ ਖੁਦਾਈ ਦੇ ਮੁਰੰਮਤ ਕਰ ਸਕਦੇ ਹਾਂ, ਤਾਂ ਅਸੀਂ ਬਿਨਾ ਕਿਸੇ ਲਾਗਤ ਦੇ ਪਾਣੀ ਲੀਕ ਹੋਣ ਦੀ ਮੁਰੰਮਤ ਕਰਾਂਗੇ।

## ਕੀ ਮੈਨੂੰ, ਲੀਕੇਜ ਕਰਕੇ ਜਾਂ ਪਾਈਪ ਫਟਣ ਕਰਕੇ ਪਾਣੀ ਦੇ ਬਰਬਾਦ ਹੋਣ ਲਈ ਭੁਗਤਾਨ ਕਰਨਾ ਪਏਗਾ?

ਜਦੋਂ ਤੁਹਾਡੇ ਕੋਲ ਪਾਣੀ ਦਾ ਮੀਟਰ ਹੋਏਗਾ, ਤਾਂ ਅਸੀਂ ਤੁਹਾਡੇ ਤੋਂ, ਇਸ 'ਚੋਂ ਨਿਕਲਣ ਵਾਲੇ ਸਾਰੇ ਪਾਣੀ ਲਈ ਲਾਗਤ ਲਵਾਂਗੇ। ਪਰ ਜੇ ਤੁਹਾਨੂੰ ਆਪਣੇ ਬਾਹਰ ਵਾਲੇ ਸਪਲਾਈ ਪਾਈਪ ਵਿਚੋਂ ਪਾਣੀ ਦੇ ਲੀਕ ਹੋਣ ਬਾਰੇ ਪਤਾ ਲਗਦਾ ਹੈ, ਤਾਂ ਅਸੀਂ ਤੁਹਾਨੂੰ ਬਰਬਾਦ ਹੋਏ ਪਾਣੀ ਦੀ ਕੁਝ ਮਿਕਦਾਰ ਜਾਂ ਸਾਰੀ ਲਈ ਇਕ ਭੱਤਾ ਦੇ ਸਕਦੇ ਹੋਵਾਂਗੇ।

ਅਸੀਂ ਪਾਣੀ ਨਿਕਲਣ ਕਾਰਣ ਬਰਬਾਦ ਹੋਏ ਪਾਣੀ ਦੀ ਲਾਗਤ ਵਾਪਸ ਕਰਾਂਗੇ, ਬਸ਼ਰਤੇ ਕਿ ਪਾਈਪ ਪਹਿਲੀ ਵਾਰ ਫਟਿਆ ਹੋਵੇ ਅਤੇ ਇਸਦੀ, ਇਸ ਬਾਰੇ ਪਤਾ ਲੱਗਣ ਦੇ ਦੋ ਹਫ਼ਤਿਆਂ ਦੇ ਅੰਦਰ-ਅੰਦਰ ਮੁਰੰਮਤ ਕੀਤੀ ਜਾਂਦੀ ਹੈ। ਅਸੀਂ ਤੁਹਾਡੇ ਗੰਦੇ ਪਾਣੀ ਦੀਆਂ ਲਾਗਤਾਂ ਵਿਰੁਧ ਭੱਤਾ ਵੀ ਦੇ ਸਕਦੇ ਹਾਂ। ਇਸ ਤੋਂ ਮਗਰੋਂ, ਤੁਹਾਡੇ ਤੋਂ, ਪਾਣੀ ਲੀਕ ਹੋਣ ਕਾਰਣ ਪਾਣੀ ਦੇ ਕਿਸੇ ਕਿਸਮ ਦੇ ਹੋਰ ਨੁਕਸਾਨ ਲਈ ਲਾਗਤ ਲਈ ਜਾਏਗੀ। ਤੁਹਾਨੂੰ, ਤੁਹਾਡੇ ਦਾਅਵੇ 'ਤੇ ਵਿਚਾਰ ਕੀਤੇ ਜਾਣ ਤਕ ਆਪਣੇ ਬਿਲ ਦਾ ਆਮ ਵਾਂਗ ਭੁਗਤਾਨ ਜਾਰੀ ਰੱਖਣਾ ਚਾਹੀਦਾ ਹੈ।

ਤੁਸੀਂ ਆਪਣੀ ਸੰਪਤੀ ਦੀ ਹੱਦ ਦੇ ਅੰਦਰ-ਅੰਦਰ ਸਾਰੀਆਂ ਪਾਈਪਾਂ ਨੂੰ ਠੀਕ-ਠਾਕ ਰੱਖਣ ਲਈ ਜ਼ਿੰਮੇਵਾਰ ਹੋ, ਭਾਵੇਂ ਤੁਹਾਡੇ ਕੋਲ ਪਾਣੀ ਦਾ ਮੀਟਰ ਹੈ ਜਾਂ ਨਹੀਂ।

## ਪਾਣੀ ਦੇ ਮੀਟਰ, ਕਿਸਦੀ ਮਲਕੀਅਤ ਹਨ?

ਪਾਣੀ ਦੇ ਮੀਟਰ, ਯੂਨਾਇਟਿਡ ਯੁਟੀਲਿਟਿਜ਼ ਦੀ ਮਲਕੀਅਤ ਹਨ। ਅਸੀਂ ਇਸਦੀ ਸਾਂਭ-ਸੰਭਾਲ, ਮੁਰੰਮਤ ਅਤੇ ਆਖ਼ਰਕਾਰ ਇਸਨੂੰ ਬਦਲਣ ਲਈ ਜ਼ਿੰਮੇਵਾਰ ਹਾਂ।

## ਪਾਣੀ ਦੇ ਮੀਟਰ ਨਾਲ ਕੀ ਹੋਏਗਾ, ਜੇ ਮੈਂ ਆਪਣੀ ਸੰਪਤੀ ਦੇ ਲਾਏ ਜਾ ਸਕਣ ਵਾਲੇ ਮੁੱਲ ਦੇ ਅਧਾਰ ਵਾਲੀਆਂ ਲਾਗਤਾਂ 'ਤੇ ਵਾਪਸ ਜਾਂਦਾ/ਜਾਂਦੀ ਹਾਂ?

ਅਸੀਂ ਪਾਣੀ ਦੇ ਮੀਟਰ ਨੂੰ ਉਥੇ ਹੀ ਰਹਿਣ ਦਿਆਂਗੇ, ਜਿਥੇ ਇਹ ਹੈ। ਇਹ ਮਹੱਤਵਪੂਰਣ ਹੈ ਕਿ ਇਸ ਨਾਲ ਛੇੜਖਾਨੀ ਨਾ ਕੀਤੀ ਗਈ ਹੋਵੇ, ਇਸਨੂੰ ਕਿਸੇ ਤਰੀਕੇ ਨਾਲ ਨੁਕਸਾਨ ਨਾ ਪੁਚਾਇਆ ਗਿਆ ਹੋਵੇ ਜਾਂ ਹਟਾਇਆ ਨਾ ਗਿਆ ਹੋਵੇ। ਪਾਣੀ ਦਾ ਮੀਟਰ, ਸਾਂਭ-ਸੰਭਾਲ ਅਤੇ ਭਵਿੱਖ ਦੀ ਰੀਡਿੰਗ ਲਈ ਅਸਾਨੀ ਨਾਲ ਪਹੁੰਚਯੋਗ ਰਹਿਣਾ ਚਾਹੀਦਾ ਹੈ।

## ਜੇ ਮੈਂ ਘਰ ਛੱਡ ਕੇ ਜਾਂਦਾ/ਜਾਂਦੀ ਹਾਂ, ਕੀ ਰਹਿਣ ਲਈ ਆਇਆ ਨਵਾਂ ਵਿਅਕਤੀ, ਸੰਪਤੀ ਦੇ ਲਾਏ ਜਾ ਸਕਣ ਵਾਲੇ ਮੁੱਲ ਦੇ ਅਧਾਰ ਵਾਲੀਆਂ ਲਾਗਤਾਂ 'ਤੇ ਵਾਪਸ ਜਾ ਸਕਦਾ/ਸਕਦੀ ਹੈ?

ਨਹੀਂ, ਇਹ ਇਕ ਵਿਕਲਪ ਨਹੀਂ ਹੈ। ਸਾਰੇ ਨਵੇਂ ਰਿਹਾਇਸ਼ੀਆਂ ਨੂੰ ਉਹਨਾਂ ਦੀਆਂ ਪਾਣੀਆਂ ਦੀਆਂ ਸੇਵਾਵਾਂ ਲਈ, ਉਹਨਾਂ ਦੀਆਂ ਮੀਟਰ ਰੀਡਿੰਗਾਂ ਦੇ ਅਧਾਰ 'ਤੇ ਲਾਗਤਾਂ ਲਗਣਗੀਆਂ (ਭਾਵੇਂ ਕਿ ਤੁਸੀਂ ਲਾਏ ਜਾਣ ਵਾਲੇ ਮੁੱਲ ਦੇ ਅਧਾਰ 'ਤੇ ਲਾਗਤਾਂ ਦੇ ਭੁਗਤਾਨ 'ਤੇ ਵਾਪਸ ਚਲੇ ਗਏ ਹੋ)।

ਜਦੋਂ ਤੁਸੀਂ ਘਰ ਛੱਡ ਕੇ ਜਾਂਦੇ ਹੋ, ਤਾਂ ਤੁਹਾਨੂੰ ਨਵੇਂ ਮਾਲਕ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹਨਾਂ ਨੂੰ ਉਹਨਾਂ ਦੇ ਪਾਣੀ ਦੀਆਂ ਸੇਵਾਵਾਂ ਲਈ ਮੀਟਰ ਰੀਡਿੰਗਾਂ ਦੇ ਅਧਾਰ 'ਤੇ ਲਾਗਤਾਂ ਲਗਣਗੀਆਂ।

## ਕੀ ਮੈਂ ਪਾਣੀ ਦੇ ਮੀਟਰ ਨੂੰ ਹਟਾ ਸਕਦਾ/ਸਕਦੀ ਹਾਂ?

ਨਹੀਂ। ਪਾਣੀ ਦੇ ਮੀਟਰ ਨਾਲ ਛੇੜਖਾਨੀ ਕਰਨਾ ਜਾਂ ਇਸਨੂੰ ਹਟਾਉਣਾ ਗੈਰਕਾਨੂੰਨੀ ਹੈ। ਜੇ ਤੁਸੀਂ, ਪਾਣੀ ਦੇ ਮੀਟਰ ਨੂੰ ਹਟਾਉਂਦੇ ਹੋ, ਤਾਂ ਅਸੀਂ ਇਸਨੂੰ ਤੁਹਾਡੀ ਲਾਗਤ 'ਤੇ ਬਦਲਾਂਗੇ ਅਤੇ ਤੁਹਾਡੇ 'ਤੇ ਮੁੱਕਦਮਾ ਵੀ ਚਲਾਇਆ ਜਾ ਸਕਦਾ ਹੈ।

# ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ

ਇਹ ਸੈਕਸ਼ਨ ਤੁਹਾਡੇ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ ਦੀਆਂ ਲਾਗਤਾਂ ਦੇ ਸਬੰਧ ਵਿਚ ਤੁਹਾਡੇ ਕਾਨੂੰਨੀ ਹੱਕਾਂ ਅਤੇ ਜ਼ਿੰਮੇਵਾਰੀਆਂ ਬਾਰੇ ਦੱਸਦਾ ਹੈ। ਇਸ ਵਿਚ ਪਾਣੀ ਲੀਕ ਹੋਣ, ਘਰ ਛੱਡ ਕੇ ਜਾਣ, ਸਪਲਾਈ ਪਾਈਪਾਂ ਅਤੇ ਇਥੋਂ ਤਕ ਕਿ ਪਾਣੀ ਦੇ ਮੀਟਰ ਵਰਗੇ ਮੁੱਦੇ ਆਉਂਦੇ ਹਨ।

ਉਸ ਥਾਂ 'ਤੇ ਰਹਿਣ ਵਾਲਾ ਵਿਅਕਤੀ, ਲਾਗਤਾਂ ਲਈ ਜ਼ਿੰਮੇਵਾਰ ਹੈ, ਸਿਵਾਇ ਉਹਨਾਂ ਦੇ, ਜਿਸ ਵਿਚ ਕੋਈ ਹੋਰ ਵਿਅਕਤੀ, ਕੰਪਨੀ ਨਾਲ ਜ਼ਿੰਮੇਵਾਰੀ ਲੈਣ ਲਈ ਸਹਿਮਤ ਹੋਇਆ ਸੀ, ਇਸ ਹਾਲਤ ਵਿਚ ਉਹ ਵਿਅਕਤੀ ਜ਼ਿੰਮੇਵਾਰ ਹੈ।

ਮਕਾਨ-ਮਾਲਕਾਂ ਅਤੇ ਕਿਰਾਏਦਾਰੀ ਵਾਲੀਆਂ ਜ਼ਿਆਦਾਤਰ ਹਾਲਤਾਂ ਵਿਚ, ਇਹ ਆਮ ਹੈ ਕਿ ਕਿਰਾਏਦਾਰ ਤੋਂ ਰਹਿਣ ਵਾਲੇ ਵਜੋਂ ਲਾਗਤ ਲਈ ਜਾਂਦੀ ਹੈ, ਨਾਕਿ ਮਕਾਨ-ਮਾਲਕ ਤੋਂ। ਮੁੱਖ ਅਪਵਾਦਾਂ ਵਿਚ ਸ਼ਾਮਲ ਹਨ, ਛੁੱਟੀਆਂ ਲਈ ਕਿਰਾਏ 'ਤੇ ਦੇਣਾ, ਬੈਡਸਿਟਿੰਗ ਰੂਮ, ਵਿਦਿਆਰਥੀਆਂ ਲਈ ਰਿਹਾਇਸ਼ ਜਾਂ ਥੋੜ੍ਹੀ ਮਿਆਦ ਵਾਲੀ ਰਿਹਾਇਸ਼, ਜਿਸ ਵਿਚ ਕਿਰਾਏਦਾਰ ਦਾ ਕੰਮ-ਕਾਜ ਆਰਜ਼ੀ ਹੈ। ਅਜਿਹੇ ਕੇਸਾਂ ਵਿਚ ਮਕਾਨ-ਮਾਲਕ ਨੂੰ, ਰਿਹਾਇਸ਼ੀ ਵਜੋਂ ਵਿਚਾਰਿਆ ਜਾਏਗਾ।

ਜਿਥੇ ਕਿਤੇ ਥਾਵਾਂ ਵਿਚ ਰਿਹਾਇਸ਼ ਹੈ ਜਾਂ ਸਜਾਇਆ-ਸਵਾਰਿਆ ਗਿਆ ਹੈ, ਲਈ ਲਾਗਤਾਂ ਮਿਲਣਗੀਆਂ। ਜੇ ਥਾਵਾਂ ਵਿਚ ਰਿਹਾਇਸ਼ ਨਹੀਂ ਕੀਤੀ ਗਈ ਜਾਂ ਇਹਨਾਂ ਨੂੰ ਸਜਾਇਆ-ਸਵਾਰਿਆ ਨਹੀਂ ਗਿਆ ਹੈ, ਤਾਂ ਕੰਪਨੀ, ਇਹਨਾਂ ਸੇਵਾਵਾਂ ਲੈਣ ਵਾਲੇ ਵਿਅਕਤੀ ਨੂੰ ਮੁਹਈਆ ਕੀਤੀ ਗਈ ਕਿਸੇ ਸੇਵਾ ਲਈ ਲਾਗਤਾਂ ਲਏਗੀ।

ਅਸੀਂ ਤੁਹਾਡੇ ਨਾਲ, ਜਦ ਤਕ ਕੋਈ ਹੋਰ ਸਮਝੌਤਾ ਨਹੀਂ ਕਰਦੇ, ਤੁਹਾਨੂੰ ਆਪਣਾ ਬਿੱਲ ਮਿਲਣ 'ਤੇ ਲਾਗਤਾਂ ਦਾ ਭੁਗਤਾਨ ਕਰਨਾ ਪਏਗਾ; ਸਾਨੂੰ ਤੁਹਾਡਾ ਭੁਗਤਾਨ 14 ਦਿਨਾਂ ਦੇ ਅੰਦਰ-ਅੰਦਰ ਮਿਲ ਜਾਣਾ ਚਾਹੀਦਾ ਹੈ।

ਅਸੀਂ ਉਸ ਸਾਰੇ ਪਾਣੀ ਲਈ ਤੁਹਾਡੇ ਤੋਂ ਲਾਗਤ ਲਵਾਂਗੇ, ਜੋ ਪਾਣੀ ਦੇ ਮੀਟਰ ਰਾਹੀਂ ਲੰਘਿਆ ਹੈ, ਭਾਵੇਂ ਪਾਣੀ ਬਰਬਾਦ ਹੋਇਆ ਹੈ, ਖ਼ਰਾਬ ਹੋਇਆ ਹੈ, ਲੀਕ ਕੀਤਾ ਹੈ ਜਾਂ ਇਸਦੀ ਕੁਵਰਤੋਂ ਕੀਤੀ ਗਈ ਹੈ। ਪਰ, ਤੁਹਾਡੀ ਸਪਲਾਈ ਵਿਚ ਪਹਿਲੀ ਵਾਰੀ ਪਾਈਪ ਫਟਣ 'ਤੇ, ਅਸੀਂ ਤੁਹਾਨੂੰ ਇਕ ਭੱਤਾ ਦੇ ਸਕਦੇ ਹਾਂ।

ਇਸ ਵਿਚ ਪਾਣੀ ਅਤੇ ਗੰਦੇ ਪਾਣੀ ਦੋਵਾਂ ਦੀਆਂ ਲਾਗਤਾਂ ਆਉਂਦੀਆਂ ਹਨ। ਤੁਹਾਨੂੰ, ਸਾਡੇ ਵਲੋਂ ਨਿਸ਼ਚਿਤ ਕੀਤੀ ਕਿਸੇ ਸਮੇਂ ਸੀਮਾ ਦੇ ਅੰਦਰ-ਅੰਦਰ; ਜਾਂ ਘੱਟੋ-ਘੱਟ ਦੋ ਹਫ਼ਤਿਆਂ ਦੇ ਅੰਦਰ-ਅੰਦਰ ਲੀਕ ਦੀ ਮੁਰੰਮਤ ਕਰਵਾਉਣੀ ਚਾਹੀਦੀ ਹੈ। ਮੀਟਰ ਵਾਲੀਆਂ ਘਰੇਲੂ ਸੰਪਤੀਆਂ ਲਈ ਸਾਡਾ 'ਲੀਕੇਜ ਕੋਡ ਆੱਫ਼ ਪ੍ਰੈਕਟਿਸ' ਤੁਹਾਨੂੰ ਹੋਰ ਜਾਣਕਾਰੀ ਦਿੰਦਾ ਹੈ। ਤੁਸੀਂ ਸਾਨੂੰ **0845 746 2222** 'ਤੇ ਜਾਂ ਟੈਕਸਟਫ਼ੋਨ ਨੰਬਰ **0808 143 1195** 'ਤੇ ਫ਼ੋਨ ਕਰਕੇ ਇਕ ਕਾੱਪੀ ਲੈ ਸਕਦੇ ਹੋ।

ਜੇ ਕਿਸੇ ਕਾਰਣ, ਅਸੀਂ ਇਹ ਪਤਾ ਨਹੀਂ ਲਾ ਸਕਦੇ ਕਿ ਪਾਣੀ ਦੇ ਮੀਟਰ ਰਾਹੀਂ ਕਿੰਨਾ ਪਾਣੀ ਲੰਘਿਆ ਹੈ, ਅਸੀਂ ਵਰਤੇ ਗਏ ਪਾਣੀ ਦੀ ਮਿਕਦਾਰ ਦਾ, ਤੁਹਾਡੀਆਂ ਲਾਗਤਾਂ ਦੇ ਅਧਾਰ 'ਤੇ ਅਨੁਮਾਨ ਲਾਵਾਂਗੇ। ਜੇ ਉਚਿਤ ਹੋਇਆ, ਤਾਂ ਅਸੀਂ ਇਸ ਲਾਗਤ ਨੂੰ ਮਗਰੋਂ ਠੀਕ ਕਰਾਂਗੇ। ਜਦੋਂ ਪਾਣੀ ਦਾ ਮੀਟਰ, ਕਿਸੇ ਵੀ ਵਕਫ਼ੇ ਦੇ ਸਮੇਂ ਲਈ ਖ਼ਰਾਬ ਹੁੰਦਾ ਹੈ, ਤਾਂ ਸਾਡਾ ਅਨੁਮਾਨ, ਉਪਲਬਧ ਸਭ ਤੋਂ ਵੱਧ ਭਰੋਸੇਯੋਗ ਜਾਣਕਾਰੀ 'ਤੇ ਅਧਾਰਿਤ ਹੋਏਗਾ।

ਪਾਣੀ ਦੀ ਮਾਪੀ ਗਈ ਸਪਲਾਈ ਵਾਲਾ ਇਕ ਗਾਹਕ, ਪਾਣੀ ਦੀਆਂ ਸੇਵਾਵਾਂ ਬਾਰੇ ਲਾਗਤਾਂ ਲਈ ਜ਼ਿੰਮੇਵਾਰ ਹੈ, ਜਦ ਤਕ ਕਿ ਜਾਂ:

(i) ਉਹ, ਉਸ ਥਾਂ ਵਿਚ ਰਹਿਣਾ ਬੰਦ ਕਰ ਦਿੰਦਾ/ਦਿੰਦੀ ਹੈ (ਜਾਂ ਹੁਣ, ਉਹਨਾਂ ਲਈ ਪਾਣੀ ਦੀ ਸਪਲਾਈ ਦੀ ਲੋੜ ਨਹੀਂ ਹੈ) ਅਤੇ ਕੰਪਨੀ ਨੂੰ ਇਸ ਸਬੰਧ ਲਈ ਘੱਟੋ-ਘੱਟ ਦੋ ਕਾਰਜ ਦਿਨਾਂ ਦਾ ਨੋਟਿਸ ਦਿਤਾ ਹੈ; ਜਾਂ

(ii) ਜਿਥੇ ਪਾਣੀ ਦਾ ਮੀਟਰ, ਵੱਖ-ਵੱਖ ਰਹਿੰਦੇ ਕਈ ਲੋਕਾਂ ਨੂੰ, ਰਿਹਾਇਸ਼ ਵਾਲੀ ਥਾਂ ਵਿਚ ਪਾਣੀ ਦੀ ਸਪਲਾਈ ਕਰਦਾ ਹੈ, ਉਸ ਥਾਂ ਵਾਲਾ ਵਿਅਕਤੀ, ਜਿਸਨੇ ਕਿ ਲਾਗਤਾਂ ਦੇ ਭੁਗਤਾਨ ਲਈ ਜ਼ਿੰਮੇਵਾਰੀ ਪ੍ਰਵਾਨ ਕੀਤੀ ਹੈ, ਉਸ ਪ੍ਰਬੰਧ ਨੂੰ ਰੱਦ ਕਰਨ ਸਬੰਧੀ ਨੋਟਿਸ ਦਾ ਉਚਿਤ ਸਮਾਂ ਦਿੰਦਾ ਹੈ।

ਅਜਿਹਾ ਨੋਟਿਸ ਦੇਣ ਵਿਚ ਨਾਕਾਮੀ ਦੇ (i) ਦੀ ਹਾਲਤ ਦੇ ਨਤੀਜੇ ਵਜੋਂ ਇਹ ਲਾਗਤਾਂ ਅਗਲੀ ਆਮ ਮੀਟਰ ਰੀਡਿੰਗ ਦੀ ਤਾਰੀਖ਼ ਤਕ ਭੁਗਤਾਨਯੋਗ ਹਨ, ਸਿਵਾਇ ਜਿਵੇਂ ਕਿ ਕਾਨੂੰਨ ਦੀ ਧਾਰਾ 144 ਵਲੋਂ ਮੁਹਈਆ ਕੀਤਾ ਗਿਆ ਹੈ।

ਤੁਸੀਂ ਆਪਣੀ ਸੰਪਤੀ ਨੂੰ ਜਾਂਦੀ ਪਾਣੀ ਦੀ ਸਪਲਾਈ ਵਾਲੀ ਪਾਈਪ ਲਈ ਜ਼ਿੰਮੇਵਾਰ ਹੋ। ਇਹ, ਆਮ ਤੌਰ 'ਤੇ ਤੁਹਾਡੀ ਸੰਪਤੀ ਦੀ ਹੱਦ (ਅਕਸਰ ਬਾਗ਼ ਦੀ ਦੀਵਾਰ) ਤੋਂ ਤੁਹਾਡੀ ਸੰਪਤੀ ਤਕ ਦਾ ਪਾਈਪ ਦਾ ਹਿੱਸਾ ਹੈ। ਕੁਝ ਕੇਸਾਂ ਵਿਚ, ਖ਼ਾਸ ਤੌਰ 'ਤੇ ਪੇਂਡੂ ਇਲਾਕਿਆਂ ਵਿਚ, ਤੁਸੀਂ ਸੜਕ ਦੇ ਉਸ ਹਿੱਸੇ ਵਿਚ, ਜਿਥੇ ਸਾਡੀ ਮੁੱਖ ਪਾਈਪ ਹੈ ਅਤੇ ਤੁਹਾਡੀ ਸੰਪਤੀ ਵਿਚਕਾਰ ਜਾਂ ਜਿਥੇ ਸਪਲਾਈ ਪਾਈਪ, ਕਿਸੇ ਹੋਰ ਦੀ ਜ਼ਮੀਨ ਤੋਂ ਲੰਘਦੀ ਹੈ, ਵਿਚਕਾਰ ਦੂਜੀਆਂ ਪਾਈਪਾਂ ਲਈ ਜ਼ਿੰਮੇਵਾਰ ਹੋ ਸਕਦੇ ਹੋ। ਜੇ ਤੁਹਾਨੂੰ ਆਪਣੀ ਜ਼ਿੰਮੇਵਾਰੀ ਬਾਰੇ ਕੋਈ ਕੋਈ ਸ਼ੱਕ ਹੈ, ਤਾਂ ਤੁਹਾਡੀ ਸੰਪਤੀ ਦੇ ਵਸੀਕਿਆਂ ਤੋਂ ਹੋਰ ਜਾਣਕਾਰੀ ਮਿਲ ਸਕਦੀ ਹੈ।

ਪਾਣੀ ਦੇ ਮੀਟਰ, ਸਾਡੀ ਸੰਪਤੀ ਹੁੰਦੇ ਹਨ। ਇਸਦਾ ਅਰਥ ਹੈ ਕਿ ਅਸੀਂ, ਇਸਦੀ ਸਾਂਭ-ਸੰਭਾਲ ਅਤੇ ਆਖ਼ਰ ਵਿਚ ਇਸਨੂੰ ਬਦਲਣ ਲਈ ਜ਼ਿੰਮੇਵਾਰ ਹਾਂ। ਅਸੀਂ ਇਹ, ਆਪਣੇ ਖ਼ੁਦ ਦੇ ਖ਼ਰਚੇ 'ਤੇ ਕਰਾਂਗੇ, ਬਸ਼ਰਤੇ ਕਿ ਪਾਣੀ ਦੇ ਮੀਟਰ ਨਾਲ ਛੇੜਖਾਨੀ ਨਾ ਕੀਤੀ ਗਈ ਹੋਵੇ।

**ਪਾਣੀ ਦੇ ਮੀਟਰ ਨਾਲ ਛੇੜਖ਼ਾਨੀ, ਇਕ ਗੰਭੀਰ ਜੁਰਮ ਹੈ। ਤੁਹਾਨੂੰ ਪਾਣੀ ਦੇ ਮੀਟਰ ਨਹੀਂ ਹਟਾਉਣੇ ਚਾਹੀਦੇ, ਇਸ ਲਈ ਪਹੁੰਚ ਵਿਚ ਰੁਕਾਵਟ ਨਹੀਂ ਪਾਉਣੀ ਚਾਹੀਦੀ ਹੈ ਜਾਂ ਸਾਡੀ ਆਗਿਆ ਤੋਂ ਬਿਨਾ ਇਸ 'ਤੇ ਕੋਈ ਕੰਮ ਨਹੀਂ ਕਰਵਾਉਣਾ ਚਾਹੀਦਾ। ਅਸੀਂ, ਇਸ ਲਈ ਜ਼ਿੰਮੇਵਾਰ ਵਿਅਕਤੀ ਤੋਂ ਕਿਸੇ ਖ਼ਰਚੇ, ਨੁਕਸਾਨ ਜਾਂ ਟੁੱਟ-ਭੱਜ ਦੀਆਂ ਲਾਗਤਾਂ ਲਵਾਂਗੇ।**

ਕਦੀ-ਕਦਾਈਂ ਸਾਨੂੰ ਤੁਹਾਡੇ ਪਾਣੀ ਦੇ ਮੀਟਰ ਨੂੰ ਟੈਸਟ ਕਰਨ ਦੀ ਲੋੜ ਹੋ ਸਕਦੀ ਹੈ ਜਾਂ ਜੇ ਤੁਸੀਂ ਸਾਨੂੰ ਇਹ ਕਰਨ ਲਈ ਕਹਿੰਦੇ ਹੋ, ਤਾਂ ਸਾਨੂੰ ਇਸਨੂੰ ਟੈਸਟ ਜ਼ਰੂਰ ਕਰਨਾ ਚਾਹੀਦਾ ਹੈ। ਜੇ ਤੁਸੀਂ ਸਾਨੂੰ ਪਾਣੀ ਦੇ ਮੀਟਰ ਨੂੰ ਟੈਸਟ ਕਰਨ ਲਈ ਕਿਹਾ ਹੈ ਅਤੇ ਇਸ ਵਿਚ ਕੋਈ ਖ਼ਰਾਬੀ ਨਹੀਂ ਹੈ, ਤਾਂ ਤੁਹਾਨੂੰ ਟੈਸਟ ਲਈ ਭੁਗਤਾਨ ਕਰਨਾ ਪਏਗਾ। ਹੋਰ ਜਾਣਕਾਰੀ ਲਈ, ਸਾਡੀ ਆੱਟੋਮੇਟਿਡ ਲੀਫ਼ਲੈਟ ਬੇਨਤੀ ਲਾਈਨ ਨੂੰ ਕਾੱਲ ਕਰੋ ਅਤੇ **0845 303 7711** 'ਤੇ ਜਾਂ ਟੈਕਸਟਫ਼ੋਨ **0808 143 1195** 'ਤੇ ਸਾਡੀ ਤੱਥਸ਼ੀਟ 'ਘਰ ਦੇ ਪਾਣੀ ਦੇ ਮੀਟਰ ਨੂੰ ਟੈਸਟ ਕਰਨਾ' ਲਈ ਪੁੱਛੋ।

ਤੁਹਾਡੇ ਕੋਲ, ਕਾਰੋਬਾਰੀ ਮਿਆਰਾਂ ਬਾਰੇ ਅਫ਼ਸਰ ਵਲੋਂ ਪਾਣੀ ਦੇ ਮੀਟਰ ਟੈਸਟ ਕਰਵਾਉਣ ਦਾ ਵਿਕਲਪ ਵੀ ਹੈ। ਜੇ ਤੁਸੀਂ ਇੰਜ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਕਾਰੋਬਾਰੀ ਮਿਆਰਾਂ ਬਾਰੇ ਸਥਾਨਕ ਵਿਭਾਗ ਨਾਲ ਸਿੱਧਿਆਂ ਸੰਪਰਕ ਕਰਨਾ ਚਾਹੀਦਾ ਹੈ।

## ਕੀ ਤੁਹਾਨੂੰ ਥੋੜ੍ਹੀ ਐਕਸਟ੍ਰਾਕੇਅਰ ਦੀ ਲੋੜ ਹੈ?

ਐਕਸਟ੍ਰਾਕੇਅਰ ਉਹ ਨਾਂ ਹੈ, ਜੋ ਅਸੀਂ ਉਹਨਾਂ ਮੁਫ਼ਤ ਸੇਵਾਵਾਂ ਦੀ ਇਕ ਸ਼੍ਰੇਣੀ ਨੂੰ ਦਿੰਦੇ ਹਾਂ, ਜੋ ਅਸੀਂ ਆਪਣੇ ਪਾਣੀ ਦੇ ਵਾਧੂ ਲੋੜਾਂ ਵਾਲੇ ਗਾਹਕਾਂ ਲਈ ਪੇਸ਼ਕਸ਼ ਕਰਦੇ ਹਾਂ। ਸਾਡੀਆਂ ਸੇਵਾਵਾਂ ਵਿਚ ਸ਼ਾਮਿਲ ਹਨ:

- ਜਾਲੀ ਕਾੱਲਰਾਂ ਤੋਂ ਤੁਹਾਡੀ ਰਾਖੀ ਲਈ ਪਾਸਵਰਡ ਸਕੀਮ
- ਪਾਣੀ ਬੰਦ ਕਰਨ ਦਾ ਵਿਅਕਤੀਗਤ ਨੋਟੀਫ਼ਿਕੇਸ਼ਨ
- ਵੱਡੇ ਅੱਖਰ, ਬ੍ਰੇਲ ਅਤੇ ਬੋਲ ਕੇ ਦੱਸਣ ਵਾਲੇ ਬਿਲ

ਸਾਡੀਆਂ ਐਕਸਟ੍ਰਾਕੇਅਰ ਸੇਵਾਵਾਂ, ਉਹਨਾਂ ਗਾਹਕਾਂ ਲਈ ਆਦਰਸ਼ਕ ਹਨ, ਜੋ:

- ਬਜ਼ੁਰਗ ਹਨ
- ਜਿਹਨਾਂ ਨੂੰ ਅਪੰਗਤਾ ਹੈ
- ਜਿਹਨਾਂ ਨੂੰ ਗੰਭੀਰ ਬਿਮਾਰੀ ਹੈ
- ਜਿਹਨਾਂ ਨੂੰ ਵੇਖਣ, ਸੁਣਨ ਜਾਂ ਸਿਖਣ ਦੀਆਂ ਮੁਸ਼ਕਿਲਾਂ ਹਨ

ਐਕਸਟ੍ਰਾਕੇਅਰ ਗਾਹਕ ਵਜੋਂ ਰਜਿਸਟਰ ਹੋਣ ਲਈ ਸਾਨੂੰ **0845 746 1100** 'ਤੇ ਟੈਲੀਫ਼ੋਨ ਕਰੋ। ਇਸ ਤੋਂ ਅਲਾਵਾ **unitedutilities.com/extracare** 'ਤੇ ਆੱਨਲਾਈਨ ਰਜਿਸਟਰ ਕਰੋ।

## ਹੋਰਨਾਂ ਭਾਸ਼ਾਵਾਂ ਵਿਚ ਕਿਤਾਬਚੇ

ਜੇ ਅੰਗ੍ਰੇਜ਼ੀ ਤੁਹਾਡੀ ਮਾਂ-ਬੋਲੀ ਨਹੀਂ ਹੈ, ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ। ਅਸੀਂ ਆਪਣੀਆਂ ਸਾਰੀਆਂ ਮੁਖ ਸੇਵਾਵਾਂ ਸਬੰਧੀ ਕਿਤਾਬਚੇ ਇਹਨਾਂ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਹਨ: ਹਿੰਦੀ, ਉਰਦੂ, ਗੁਜਰਾਤੀ, ਚੀਨੀ, ਬੰਗਾਲੀ ਅਤੇ ਪੰਜਾਬੀ।

ਇਕ ਕਾੱਪੀ ਦੀ ਬੇਨਤੀ ਕਰਨ ਲਈ ਕਿਰਪਾ ਕਰਕੇ ਸਾਨੂੰ **0845 746 1100** 'ਤੇ ਜਾਂ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰੋ।

ਹੋਰ ਲੀਫ਼ਲੈਟ, ਜੋ ਕਿ ਦਿਲਚਸਪੀ ਵਾਲੇ ਹੋ ਸਕਦੇ ਹਨ:

- ਪਾਣੀ ਨੂੰ ਸਮਝਦਾਰੀ ਨਾਲ ਵਰਤਣ ਬਾਰੇ ਗਾਈਡ
- ਪਾਈਪਾਂ, ਨਾਲੀਆਂ ਅਤੇ ਸੀਵਰਾਂ ਲਈ ਅਸਾਨ ਗਾਈਡ
- ਆਪਣੇ ਪਾਣੀ ਦੇ ਬਿੱਲ ਦਾ ਭੁਗਤਾਨ ਕਰਨ ਲਈ ਅਸਾਨ ਗਾਈਡ
- ਐਕਸਟ੍ਰਾਕੇਅਰ
- ਸੇਵਾ ਦੇ ਸਾਡੇ ਮਿਆਰ
- ਸਾਡੀ ਵਾਟਰਸ਼ਿਓਰ ਸਕੀਮ

ਸਾਡੇ ਸਾਰੇ ਲੀਫ਼ਲੈਟ ਸਾਡੀ ਵੈਬਸਾਈਟ: **unitedutilities.com/leaflets** ਤੋਂ ਡਾਊਨਲੋਡ ਕਰਨ ਲਈ ਉਪਲਬਧ ਹਨ।

ਇਸ ਤੋਂ ਅਲਾਵਾ ਸਾਡੇ ਸਭ ਤੋਂ ਲੋਕਪ੍ਰਿਯ ਕਿਤਾਬਚੇ ਸਾਡੀ 24-ਘੰਟੇ ਦੀ ਆੱਟੋਮੇਟਿਡ ਬੇਨਤੀ ਲਾਈਨ **0845 303 7711** 'ਤੇ ਜਾਂ ਟੈਕਸਟਫ਼ੋਨ **0808 143 1195** 'ਤੇ ਉਪਲਬਧ ਹਨ।

unitedutilities.com

United Utilities Water PLC
Haweswater House
Lingley Mere Business Park
Lingley Green Avenue
Great Sankey
Warrington
WA5 3LP

ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ
ਰਜਿਸਟਰਡ ਨੰਬਰ 2366678

02/11/SD/4434c



United Utilities | ਅੱਜ ਸੇਵਾ ਦੇ ਰਹੇ ਹਾਂ, ਭਵਿੱਖ ਦੀ ਉਸਾਰੀ ਲਈ

# ਪਾਣੀ ਦੇ ਮੀਟਰ ਲਈ ਅਰਜ਼ੀ

**ਸਮਾਂ ਬਚਾਓ – unitedutilities.com/meters 'ਤੇ ਆੱਨ-ਲਾਈਨ ਅਰਜ਼ੀ ਦਿਓ**

ਇਸ ਤੋਂ ਅਲਾਵਾ, ਅਰਜ਼ੀ ਫ਼ਾਰਮ ਭਰੋ ਅਤੇ ਇਸਨੂੰ ਇਸ ਪਤੇ 'ਤੇ ਵਾਪਸ ਭੇਜੋ:
United Utilities, PO Box 246, Warrington, WA55 1EA

United Utilities

**ਸ੍ਰੀ/ਸ੍ਰੀਮਤੀ/ਕੁਮਾਰੀ/ਮਿਸ** ਨਾਂ

**ਪਤਾ** (ਜਿਥੇ ਪਾਣੀ ਦਾ ਮੀਟਰ ਲੱਗਣਾ ਹੈ)

**ਪੋਸਟਕੋਡ**

**ਘਰ ਦਾ ਟੈਲੀਫ਼ੋਨ ਨੰਬਰ**

**ਕੰਮ ਦਾ ਟੈਲੀਫ਼ੋਨ ਨੰਬਰ**

**ਮੋਬਾਈਲ ਦਾ ਟੈਲੀਫ਼ੋਨ ਨੰਬਰ**

**ਚਿੱਠੀ-ਪੱਤਰੀ ਲਈ ਪਤਾ, ਜੇ ਉਪਰ ਦਿੱਤੇ ਤੋਂ ਅਲਗ ਹੈ**

**ਪੋਸਟਕੋਡ**

**ਜਨਮ-ਤਾਰੀਖ਼**

**ਗਾਹਕ ਹਵਾਲਾ ਨੰਬਰ** (ਤੁਹਾਡੇ ਬਿੱਲ 'ਤੇ ਦਿੱਤਾ ਹੋਇਆ ਹੈ)

☐☐☐☐☐☐☐☐☐☐

**ਸੰਪਤੀ ਦੀ ਕਿਸਮ** ☐ ਅਣਲੱਗਵਾਂ ਮਕਾਨ ☐ ਟੈਰੇਸ ਵਾਲਾ ☐ ਨੀਮ-ਅਣਲੱਗਵਾਂ ਮਕਾਨ ☐ ਫ਼ਲੈਟ

**ਰਿਹਾਇਸ਼ੀ ਦਰਜਾ** ☐ ਮਾਲਕ/ਰਹਿਣ ਵਾਲਾ ☐ ਕਿਰਾਏਦਾਰ

**ਇਸ ਪਤੇ 'ਤੇ ਰਹਿਣ ਵਾਲੇ ਲੋਕਾਂ ਦੀ ਗਿਣਤੀ** ☐

**ਜੇ ਤੁਸੀਂ ਕਿਰਾਏਦਾਰ ਹੋ, ਤਾਂ ਕਿਰਪਾ ਕਰਕੇ ਆਪਣੇ ਮਕਾਨ-ਮਾਲਕ ਦਾ ਨਾਂ ਅਤੇ ਪਤਾ ਦਿਓ (ਜੇ ਤੁਸੀਂ ਪਨਾਹ ਵਾਲੀ ਰਿਹਾਇਸ਼ ਵਿਚ ਰਹਿੰਦੇ ਹੋ, ਤਾਂ ਕਿਰਪਾ ਕਰਕੇ ਹਾਊਸਿੰਗ ਐਸੋਸੀਏਸ਼ਨ ਦੇ ਵੇਰਵੇ ਹੇਠਾਂ ਉਪਲਬਧ ਕਰਾਓ):**

ਨਾਂ

ਪਤਾ

ਟੈਲੀਫ਼ੋਨ

**ਕੀ ਤੁਹਾਡੀ ਸੰਪਤੀ ਦੀ ਜਨਤਕ ਸਪਲਾਈ ਤਕ ਪਹੁੰਚ ਹੈ (ਉਦਾਹਰਣ ਲਈ, ਕਪੜੇ ਧੋਣ ਵਾਲੀ ਸਾਂਝੀ ਸਹੂਲਤ ਜਾਂ ਗਰਮ ਪਾਣੀ ਦੀ ਸਾਂਝੀ ਸਪਲਾਈ)?** ☐ ਹਾਂ ☐ ਨਹੀਂ

**ਮੈਂ ਪਾਣੀ ਦਾ ਮੀਟਰ ਲੁਆਉਣਾ ਚਾਹੁੰਦਾ/ਚਾਹੁੰਦੀ ਹਾਂ ਅਤੇ ਪੁਸ਼ਟੀ ਕਰਦਾ/ਕਰਦੀ ਹਾਂ ਕਿ ਮੈਂ ਪਾਣੀ ਦੇ ਮੀਟਰ ਨੂੰ ਲਾਉਣ ਦੀਆਂ ਸ਼ਰਤਾਂ ਸਮਝਦਾ/ਸਮਝਦੀ ਹਾਂ। ਕਿਰਪਾ ਕਰਕੇ ਸਰਵੇਖਣ ਦਾ ਪ੍ਰਬੰਧ ਕਰਨ ਲਈ ਮੇਰੇ ਨਾਲ ਸੰਪਰਕ ਕਰੋ।**

ਦਸਤਖ਼ਤ ਤਾਰੀਖ਼

**ਕਿਰਪਾ ਕਰਕੇ ਦੱਸੋ ਕਿ ਸਰਵੇਖਣ ਦਾ ਪ੍ਰਬੰਧ ਕਰਨ ਲਈ ਸਾਡੇ ਠੇਕੇਦਾਰਾਂ ਵਲੋਂ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਸੀਂ ਕਿਸ ਚੀਜ਼ ਨੂੰ ਤਰਜੀਹ ਦਿਓਗੇ।**

☐ ਚਿੱਠੀ ☐ ਘਰ ਦਾ ਫ਼ੋਨ ☐ ਮੋਬਾਈਲ

**ਜੇ ਤੁਸੀਂ ਟੈਲੀਫ਼ੋਨ ਬਾਰੇ ਦੱਸਿਆ ਹੈ, ਤਾਂ ਸਾਡੇ ਵਲੋਂ ਕਾੱਲ ਕਰਨ ਲਈ ਤੁਸੀਂ ਕਿਸ ਸਮੇਂ ਨੂੰ ਤਰਜੀਹ ਦਿਓਗੇ?**

**ਕੀ ਤੁਸੀਂ ਸਰਵੇਖਣ ਦੇ ਸਮੇਂ ਲਈ ਸਵੇਰ ਜਾਂ ਦੁਪਹਿਰ ਨੂੰ ਤਰਜੀਹ ਦਿਓਗੇ?**

☐ ਸਵੇਰ ☐ ਸ਼ਾਮੀਂ

**ਕਿਰਪਾ ਕਰਕੇ ਦੱਸੋ ਕਿ ਕੀ ਤੁਸੀਂ ਚਾਹੋਗੇ ਕਿ ਜਦੋਂ ਅਸੀਂ ਤੁਹਾਡਾ ਪਾਣੀ ਦਾ ਮੀਟਰ ਲਾਈਏ, ਤਾਂ ਅਸੀਂ ਤੁਹਾਡੀ ਫ਼ਲਸ਼ ਲਈ ਪਾਣੀ ਬਚਾਉਣ ਵਾਲਾ ਉਪਕਰਣ ਛੱਡੀਏ।** ☐ ਹਾਂ ☐ ਨਹੀਂ

ਕਿਰਪਾ ਕਰਕੇ ਇਸ ਅਰਜ਼ੀ ਫ਼ਾਰਮ ਨੂੰ ਭਰਨ ਤੋਂ ਪਹਿਲਾਂ ਨਾਲ ਨੱਥੀ 'ਤੁਹਾਡੇ ਸੁਆਲਾਂ ਦੇ ਜਵਾਬ' ਲੀਫ਼ਲੈਟ ਵਿਚਲਾ 'ਤੁਹਾਡੇ ਹੱਕ ਅਤੇ ਜ਼ਿੰਮੇਵਾਰੀਆਂ' ਪੜ੍ਹੋ।

# ਕੀ ਤੁਸੀਂ ਪਾਣੀ ਦੇ ਮੀਟਰ ਨਾਲ ਖ਼ੁਸ਼ ਰਹੋਗੇ?

**ਜੇ ਤੁਸੀਂ ਇਕੱਲੇ ਰਹਿੰਦੇ ਹੋ, ਤੁਹਾਡੇ ਕੋਲ ਔਸਤ ਤੋਂ ਉਪਰ ਦੇ ਅਕਾਰ ਦਾ ਘਰ ਹੈ ਜਾਂ ਤੁਸੀਂ ਘੱਟ ਪਾਣੀ ਵਰਤਦੇ ਹੋ, ਤਾਂ ਤੁਸੀਂ ਪਾਣੀ ਦੇ ਮੀਟਰ ਨਾਲ ਘੱਟ ਭੁਗਤਾਨ ਕਰ ਸਕਦੇ ਹੋ।**

**ਘੱਟ, ਦਰਮਿਆਨੀ ਅਤੇ ਬਹੁਤ ਜ਼ਿਆਦਾ ਵਰਤੋਂ ਲਈ ਪਾਣੀ ਦੀ ਆਮ ਵਰਤੋਂ ਵੇਖੋ - ਤੁਸੀਂ ਕਿਸ ਇਕ ਵਿਚ ਆਉਂਦੇ ਹੋ? ਜੇ ਤੁਸੀਂ ਘੱਟ ਜਾਂ ਦਰਮਿਆਨੀ ਵਰਤੋਂ ਕਰਨ ਵਾਲੇ ਹੋ, ਤਾਂ ਤੁਸੀਂ ਪਾਣੀ ਦੇ ਮੀਟਰ ਨਾਲ ਖ਼ੁਸ਼ ਰਹਿ ਸਕਦੇ ਹੋ। ਇਥੋਂ ਤਕ ਕਿ ਜੇ ਤੁਹਾਡਾ ਘਰ ਉਚ ਦਰ ਵਾਲੀ ਕੀਮਤ ਵਿਚ ਹੈ, ਤੁਸੀਂ ਬਹੁਤ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹੋ, ਤੁਸੀਂ ਅਜੇ ਵੀ ਪਾਣੀ ਦੇ ਮੀਟਰ ਨਾਲ ਪੈਸਾ ਬਚਾ ਸਕਦੇ ਹੋ।**

### ਕਿਰਪਾ ਕਰਕੇ ਯਾਦ ਰਖੋ

- ਹਮੇਸ਼ਾ ਇਹ ਸੰਭਵ ਨਹੀਂ ਹੁੰਦਾ ਕਿ ਨਿਜੀ ਥਾਵਾਂ ਵਿਚ ਪਾਣੀ ਦਾ ਮੀਟਰ ਲਾਇਆ ਜਾਵੇ, ਖ਼ਾਸ ਤੌਰ 'ਤੇ ਜਨਤਕ ਸਹੂਲਤਾਂ ਵਾਲੇ ਫ਼ਲੈਟਾਂ ਵਿਚ।
- ਪਾਣੀ ਦੇ ਮੀਟਰ ਦੀ ਥਾਂ ਯੂਨਾਇਟਿਡ ਯੂਟੀਲਿਟਿਜ਼ ਦੀ ਮਰਜ਼ੀ 'ਤੇ ਨਿਰਭਰ ਹੈ।
- ਪਾਣੀ ਦੇ ਮੀਟਰ ਨੂੰ ਹਟਾਉਣਾ ਜਾਂ ਉਸ ਨਾਲ ਛੇੜਛਾੜ ਕਰਨੀ ਇਕ ਜੁਰਮ ਹੈ।
- ਭਾਵੇਂ ਤੁਸੀਂ ਵਾਪਸ ਬਿਨਾ ਅਨੁਮਾਨ ਲਾਈਆਂ ਲਾਗਤਾਂ ਦੀ ਚੋਣ ਕਰਦੇ ਹੋ, ਪਾਣੀ ਦਾ ਮੀਟਰ ਅਜੇ ਵੀ ਆਪਣੀ ਥਾਂ 'ਤੇ ਰਹੇਗਾ।
- ਬਾਅਦ ਦੀ ਤਾਰੀਖ਼ ਵਿਚ ਪਾਣੀ ਦੇ ਮੀਟਰ ਨੂੰ ਬਦਲਵੀਂ ਥਾਂ 'ਤੇ ਲਾਉਣ ਦੀ ਲਾਗਤ ਲਗਦੀ ਹੈ ਅਤੇ ਇਹ ਹਮੇਸ਼ਾ ਸੰਭਵ ਨਹੀਂ ਹੁੰਦਾ।

## ਸਮਾਂ ਬਚਾਓ–ਔਨ-ਲਾਈਨ ਅਰਜ਼ੀ ਦਿਓ!

ਤੁਸੀਂ **unitedutilities.com/meters** 'ਤੇ ਜਾਕੇ ਪਾਣੀ ਦੇ ਮੀਟਰ ਦਾ ਔਰਡਰ ਦੇ ਸਕਦੇ ਹੋ।

| ਘੱਟ ਵਰਤੋਂ | ਦਰਮਿਆਨੀ ਵਰਤੋਂ | ਬਹੁਤ ਜ਼ਿਆਦਾ ਵਰਤੋਂ |
|---|---|---|
| ਸ਼ਾਵਰਾਂ ਨੂੰ ਤਰਜੀਹ (ਪਾਵਰ ਸ਼ਾਵਰ ਨਹੀਂ) | ਬਾਕਾਇਦਾ ਨਹਾਉਣਾ ਅਤੇ ਸ਼ਾਵਰ ਲੈਣਾ | ਅਕਸਰ ਨਹਾਉਣਾ/ ਪਾਵਰ ਸ਼ਾਵਰ |
| ਘੱਟ ਜਾਂ ਬਿਲਕੁਲ ਨਹੀਂ ਨਹਾਉਣਾ | ਕਪੜੇ ਧੋਣ ਵਾਲੀ ਮਸ਼ੀਨ ਦੀ ਬਾਕਾਇਦਾ ਵਰਤੋਂ | ਕਪੜੇ ਧੋਣ ਵਾਲੀ ਮਸ਼ੀਨ ਦੀ ਬਹੁਤ ਜ਼ਿਆਦਾ ਵਰਤੋਂ |
| ਕਪੜੇ ਧੋਣ ਵਾਲੀ ਮਸ਼ੀਨ ਦੀ ਕਦੀ-ਕਦਾਈਂ ਵਰਤੋਂ | ਭਾਂਡੇ ਧੋਣ ਵਾਲੀ ਮਸ਼ੀਨ ਦੀ ਕਦੀ-ਕਦਾਈਂ ਵਰਤੋਂ | ਭਾਂਡੇ ਧੋਣ ਵਾਲੀ ਮਸ਼ੀਨ ਦੀ ਬਾਕਾਇਦਾ ਵਰਤੋਂ |
| ਹੋਜ਼ਪਾਈਪ ਦੀ ਮਾਮੂਲੀ ਜਾਂ ਕੋਈ ਵਰਤੋਂ ਨਹੀਂ | ਹੋਜ਼ਪਾਈਪ ਦੀ ਕਦੀ-ਕਦਾਈਂ ਵਰਤੋਂ | ਭਾਂਡੇ ਧੋਣ ਵਾਲੀ ਮਸ਼ੀਨ ਦੀ ਬਾਕਾਇਦਾ ਵਰਤੋਂ |
| | | ਪਖਾਨੇ ਦੀ ਫ਼ਲਸ਼ ਦੀ ਅਕਸਰ ਵਰਤੋਂ |

### ਵੇਖੋ ਕਿ ਤੁਸੀਂ ਕਿੰਨਾ ਬਚਾ ਸਕਦੇ ਹੋ – ਫ਼ੌਰਨ

ਜੇ ਤੁਸੀਂ ਪਾਣੀ ਦੇ ਮੀਟਰ ਨੂੰ ਚਲਾਕੇ ਪੈਸਾ ਬਚਾਓਗੇ, ਤਾਂ ਸਾਡੇ ਔਨ-ਲਾਈਨ ਪਾਣੀ ਦੇ ਮੀਟਰ ਦਾ ਕੈਲਕੁਲੇਟਰ ਤੁਹਾਨੂੰ ਫ਼ੌਰਨ ਵਿਖਾਏਗਾ। **unitedutilities.com/meters** 'ਤੇ ਜਾਓ ਅਤੇ 'ਔਨ-ਲਾਈਨ ਪਾਣੀ ਦੇ ਮੀਟਰ ਦੇ ਕੈਲਕੁਲੇਟਰ' 'ਤੇ ਕਲਿੱਕ ਕਰੋ।

unitedutilities.com

United Utilities Water PLC
Haweswater House
Lingley Mere Business Park
Lingley Green Avenue
Warrington
WA5 3LP

ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ
ਰਜਿਸਟਰਡ ਨੰਬਰ 2366678

02/11/SD/4434b



United Utilities | ਅੱਜ ਸੇਵਾ ਦੇ ਰਹੇ ਹਾਂ, ਭਵਿੱਖ ਦੀ ਉਸਾਰੀ ਲਈ

## ਹੋਰ ਲੀਫ਼ਲੈਟ, ਜੋ ਕਿ ਦਿਲਚਸਪੀ ਵਾਲੇ ਹੋ ਸਕਦੇ ਹਨ:

- ਸੇਵਾ ਦੇ ਸਾਡੇ ਮਿਆਰ
- ਪਾਈਪਾਂ, ਨਾਲੀਆਂ ਅਤੇ ਸੀਵਰਾਂ ਲਈ ਅਸਾਨ ਗਾਈਡ
- ਘਰੇਲੂ ਪਾਣੀ ਦੇ ਮੀਟਰਾਂ ਦੀ ਟੈਸਟਿੰਗ
- ਆਪਣੇ ਪਾਣੀ ਦੇ ਬਿੱਲ ਦਾ ਭੁਗਤਾਨ ਕਰਨ ਲਈ ਅਸਾਨ ਗਾਈਡ
- ਐਕਟ੍ਵਾਕੇਅਰ
- ਪਾਣੀ ਨੂੰ ਸਮਝਦਾਰੀ ਨਾਲ ਵਰਤਣ ਬਾਰੇ ਗਾਈਡ
- ਵਾਟਰਸ਼ਿਓਰ
- ਸ਼ਿਕਾਇਤਾਂ ਸਬੰਧੀ ਸਾਡਾ ਅਮਲ
- ਸੀਸੇ ਅਤੇ ਸਾਂਝੀ ਸਪਲਾਈ ਵਾਲੇ ਪਾਈਪ ਬਦਲਣਾ

ਸਾਡੇ ਸਾਰੇ ਲੀਫ਼ਲੈਟ ਸਾਡੀ ਵੈਬਸਾਈਟ: unitedutilities.com/leaflets ਤੋਂ ਡਾਊਨਲੋਡ ਕਰਨ ਲਈ ਉਪਲਬਧ ਹਨ। ਇਸ ਤੋਂ ਅਲਾਵਾ, ਕਿਰਪਾ ਕਰਕੇ **0845 303 7711** 'ਤੇ ਸਾਡੀ 24-ਘੰਟੇ ਦੀ ਆੱਟੋਮੇਟਿਡ ਲੀਫ਼ਲੈਟ ਬੇਨਤੀ ਲਾਈਨ ਜਾਂ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰੋ, ਜਾਂ ਇਥੇ ਲਿਖੋ: United Utilities (Dept LR), 1050 Europa Boulevard, Warrington WA55 1LR.

## ਸਾਡੇ ਸਾਰੇ ਕਿਤਾਬਚੇ ਵੱਡੇ ਅੱਖਰਾਂ, ਬ੍ਰੇਲ ਵਿਚ ਅਤੇ ਆੱਡੀਓ ਕੈਸੇਟ 'ਤੇ ਉਪਲਬਧ ਹਨ।

ਜੇ ਅੰਗ੍ਰੇਜ਼ੀ ਤੁਹਾਡੀ ਮਾਂ-ਬੋਲੀ ਨਹੀਂ ਹੈ, ਤਾਂ ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ। ਅਸੀਂ ਆਪਣੀਆਂ ਸਾਰੀਆਂ ਮੁਖ ਸੇਵਾਵਾਂ ਸਬੰਧੀ ਕਿਤਾਬਚੇ ਇਹਨਾਂ ਭਾਸ਼ਾਵਾਂ ਵਿਚ ਅਨੁਵਾਦ ਕੀਤੇ ਹਨ: ਹਿੰਦੀ, ਉਰਦੂ, ਗੁਜਰਾਤੀ, ਚੀਨੀ, ਬੰਗਾਲੀ ਅਤੇ ਪੰਜਾਬੀ। ਇਕ ਕਾੱਪੀ ਦੀ ਬੇਨਤੀ ਕਰਨ ਲਈ ਕਿਰਪਾ ਕਰਕੇ ਸਾਨੂੰ **0845 746 1100** 'ਤੇ ਜਾਂ ਟੈਕਸਟਫ਼ੋਨ **0808 143 1195** 'ਤੇ ਕਾੱਲ ਕਰੋ।

## ਤੁਹਾਡਾ ਬਿੱਲ

ਆਪਣੇ ਬਿੱਲ ਬਾਰੇ ਗੱਲਬਾਤ ਕਰਨ ਲਈ **0845 746 1100** 'ਤੇ (ਜੇ ਤੁਹਾਡਾ ਪਾਣੀ ਦਾ ਮੀਟਰ ਨਹੀਂ ਹੈ) ਜਾਂ **0845 746 2222** 'ਤੇ (ਜੇ ਤੁਹਾਡਾ ਪਾਣੀ ਦਾ ਮੀਟਰ ਹੈ) ਜਾਂ ਟੈਕੋਸਟਫ਼ੋਨ **0808 143 1195**। 'ਤੇ ਕਾੱਲ ਕਰੋ। ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤੀਂ 8 ਵਜੇ, ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮੀਂ 5 ਵਜੇ ਤਕ।

**ਜਾਂ ਇਥੇ ਲਿਖੋ:** United Utilities, PO Box 459, Warrington, WA55 1WB.

## ਤੁਹਾਡਾ ਪਾਣੀ ਅਤੇ ਗੰਦੇ ਪਾਣੀ ਸਬੰਧੀ ਸੇਵਾਵਾਂ

ਆਪਣੇ ਪਾਣੀ ਜਾਂ ਗੰਦੇ ਪਾਣੀ ਸਬੰਧੀ ਸੇਵਾਵਾਂ ਦੀਆਂ ਸਮਸਿਆਵਾਂ ਦੀ ਰਿਪੋਰਟ ਕਰਨ ਲਈ **0845 746 2200** 'ਤੇ ਜਾਂ ਟੈਕਸਟਫ਼ੋਨ **0808 143 0295** 'ਤੇ ਕਾੱਲ ਕਰੋ। ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਰਾਤੀਂ 8 ਵਜੇ, ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮੀਂ 6 ਵਜੇ ਤਕ, ਐਤਵਾਰ ਸਵੇਰੇ 8 ਵਜੇ ਤੋਂ ਦੁਪਹਿਰ 12 ਵਜੇ ਤਕ। ਦਫ਼ਤਰ ਦੇ ਸਮੇਂ ਤੋਂ ਬਾਅਦ ਐਮਰਜੈਂਸੀ ਸੇਵਾ।

**ਜਾਂ ਇਥੇ ਲਿਖੋ:** United Utilities, PO Box 453, Warrington, WA55 1SE.



unitedutilities.com


United Utilities Water PLC
Haweswater House
Lingley Mere Business Park
Lingley Green Avenue
Warrington
WA5 3LP



ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ
ਰਜਿਸਟਰਡ ਨੰਬਰ 2366678

02/11/SD/4434a


United Utilities | ਅੱਜ ਸੇਵਾ ਦੇ ਰਹੇ ਹਾਂ, ਭਵਿੱਖ ਦੀ ਉਸਾਰੀ ਲਈ